ਐਤਵਾਰ, 7 ਅਪ੍ਰੈਲ, 2024
25 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 307

ਨਵਾਂ ਜ਼ਮਾਨਾ

DAILY NAWAN ZAMANA • SUNDAY, 7 APRIL, 2024
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

ਮੋਦੀ ਲੋਕਤੰਤਰ ਦੀ ਮਰਿਆਦਾ ਦਾ ਚੀਰਹਰਨ ਕਰ ਰਹੇ : ਸੋਨੀਆ

ਜੈਪੁਰ : ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੂਰੇ ਦੇਸ਼ 'ਚ ਸਿਆਸੀ ਪਾਰਾ ਹਾਈ ਹੈ। ਸਾਰੀਆਂ ਪਾਰਟੀਆਂ ਚੋਣ ਪ੍ਰਚਾਰ 'ਚ ਲੱਗੀਆਂ ਹੋਈਆਂ ਹਨ। ਕਾਂਗਰਸ ਨੇ ਸ਼ਨੀਵਾਰ ਨੂੰ ਜੈਪੁਰ ਵਿਦਿਆਧਰ ਨਗਰ ਸਟੇਡੀਅਮ 'ਚ 'ਨਿਆਏ ਪੱਤਰ ਮਹਾਂਸਭਾ' ਦਾ ਆਯੋਜਨ ਕੀਤਾ, ਜਿਸ 'ਚ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਸ਼ਾਮਲ ਹੋਏ। ਕਾਂਗਰਸ ਦੀ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਸਾਂਸਦ ਸੋਨੀਆ ਗਾਂਧੀ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਜੰਮ ਕੇ ਨਿਸ਼ਾਨਾ ਲਾਇਆ। ਉਨ੍ਹਾ ਕਿਹਾ, 'ਵੀਰਾਂ ਅਤੇ ਦੇਸ਼ ਭਗਤਾਂ ਦੇ ਇਸ ਮਹਾਨ ਦੇਸ਼ ਦੇ ਪ੍ਰਤੀਨਿਧ ਦੇ ਤੌਰ 'ਤੇ ਇਸ ਪ੍ਰੋਗਰਾਮ 'ਚ ਤੁਹਾਡੇ ਵਿੱਚ ਆ ਕੇ ਮੈਨੂੰ ਬਹੁਤ ਮਾਣ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਕਦੀ ਸਾਡੇ ਮਹਾਨ ਪੁਰਖਿਆਂ ਨੇ ਸੰਘਰਸ਼ ਦੇ ਬਲ 'ਤੇ ਦੇਸ਼ ਦੀ ਆਜ਼ਾਦੀ ਦੇ ਸੂਰਜ ਨੂੰ ਅਧੀਨਗੀ ਦੇ ਹਨੇਰੇ 'ਚ ਖੋਜਿਆ ਅਤੇ ਲੱਭਿਆ ਸੀ।ਏਨੇ ਸਾਲਾਂ ਬਾਅਦ ਉਹ ਜਿਓਤੀ ਕੁਝ ਘਟ ਗਈ ਹੈ। ਚਾਰੇ ਪਾਸੇ ਅਨਿਆਏ ਦਾ ਹਨੇਰਾ ਵਧ ਗਿਆ ਹੈ। ਹੁਣ ਸਾਨੂੰ ਸਾਰਿਆਂ ਨੂੰ ਸੰਕਲਪ ਲੈਣਾ ਚਾਹੀਦਾ ਕਿ ਅਸੀਂ ਇਸ ਖਿਲਾਫ਼

ਲੜਾਂਗੇ ਅਤੇ ਨਿਆਏ ਦੀ ਰੌਸ਼ਨੀ ਖੋਜਾਂਗੇ।'

ਸੋਨੀਆ ਨੇ ਕਿਹਾ, 'ਇਹ ਦੇਸ਼ ਕੁਝ ਲੋਕਾਂ ਦੀ ਜਗੀਰ ਨਹੀਂ, ਦੇਸ਼ ਤੋਂ ਵੱਡਾ ਕੋਈ ਨਹੀਂ ਹੋ ਸਕਦਾ। ਅਨਿਆਏ ਖਿਲਾਫ਼ ਸਾਨੂੰ ਇਕਜੁੱਟ ਹੋਣਾ ਹੋਵੇਗਾ। ਲੋਕਤੰਤਰ ਅੱਜ ਖ਼ਤਰੇ 'ਚ ਹੈ, ਸੰਵਿਧਾਨ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨੌਜਵਾਨਾਂ 'ਚ ਬੇਰੁਜ਼ਗਾਰੀ ਕਾਰਨ ਨਿਰਾਸ਼ਾ ਹੈ। ਭਾਜਪਾ ਦੇ 10 ਸਾਲਾਂ ਦੇ ਸ਼ਾਸਨਕਾਲ 'ਚ ਮਹਿੰਗਾਈ ਸਿਖਰਾਂ 'ਤੇ ਹੈ।' ਇਸ ਦੌਰਾਨ ਸੋਨੀਆ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਜ਼ੋਰਦਾਰ ਹਮਲਾ ਕੀਤਾ। ਉਨ੍ਹਾ ਕਿਹਾ—ਮੋਦੀ ਖੁਦ ਨੂੰ ਮਹਾਨ ਦੱਸ ਕੇ ਦੇਸ਼ ਅਤੇ ਲੋਕਤੰਤਰ ਦੀ ਮਰਿਆਦਾ ਦਾ ਚੀਰਹਰਨ ਕਰ ਰਹੇ ਹਨ। ਉਨ੍ਹਾ ਕਿਹਾ, ਆਪੋਜ਼ੀਸ਼ਨ ਨੇਤਾਵਾਂ ਨੂੰ ਭਾਜਪਾ 'ਚ ਸ਼ਾਮਲ ਹੋਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਅੱਜ ਸਾਡੇ ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਹੈ। ਸਾਡੇ ਸੰਵਿਧਾਨ ਨੂੰ ਬਦਲਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਹਨਾ ਦਾਅਵਾ ਕੀਤਾ ਕਿ ਪਿਛਲੇ 10 ਸਾਲਾਂ ਤੋਂ ਦੇਸ਼ ਇੱਕ ਇਸ ਤਰ੍ਹਾਂ ਦੀ ਸਰਕਾਰ ਦੇ ਹੱਥ 'ਚ ਹੈ, ਜਿਸ ਨੇ ਬੇਰੁਜ਼ਗਾਰੀ, ਆਰਥਿਕ ਸੰਕਟ ਅਤੇ ਅਸਮਾਨਤਾ ਨੂੰ ਬੜ੍ਹਾਵਾ ਦੇਣ 'ਚ ਕੋਈ ਕਸਰ ਨਹੀਂ ਛੱਡੀ। ਉਹਨਾ ਕਿਹਾ—ਅੱਜ ਸਾਡੇ ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਹੈ। ਲੋਕਤਾਂਤਰਿਕ ਸੰਸਥਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਇਹ ਤਾਨਾਸ਼ਾਹੀ ਹੈ ਅਤੇ ਅਸੀਂ ਸਾਰੇ ਇਸ ਦਾ ਜਵਾਬ ਦੇਵਾਂਗੇ। ਇਸ ਤੋਂ ਪਹਿਲਾਂ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੀ ਰਾਸ਼ਟਰੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫ਼ਤਾਰੀ ਦਾ ਜ਼ਿਕਰ ਕਰਦੇ ਹੋਏ ਦਾਅਵਾ ਕੀਤਾ ਕਿ ਕੇਂਦਰ 'ਚ ਭਾਜਪਾ ਸ਼ਾਸਨ ਦੇ ਤਹਿਤ ਵਿਰੋਧੀ ਪਾਰਟੀਆਂ 'ਤੇ ਹਮਲਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ—ਬੇਰੁਜ਼ਗਾਰੀ ਅਤੇ ਮਹਿੰਗਾਈ ਸਿਖਰਾਂ 'ਤੇ ਹੈ ਅਤੇ ਹਰ ਸੂਬੇ 'ਚ ਪੇਪਰ ਲੀਕ ਹੋ ਰਹੇ ਹਨ। ਗਰੀਬਾਂ ਅਤੇ ਕਿਸਾਨਾਂ ਦੀ ਸੁਣਨ ਵਾਲਾ ਕੋਈ ਨਹੀਂ। ਪ੍ਰਿਅੰਕਾ ਨੇ ਕਿਹਾ—ਅਸੀਂ ਆਪਣੇ ਮੈਨੀਫੈਸਟੋ ਨੂੰ 'ਨਿਆਏ ਪੱਤਰ' ਨਾਂਅ ਦਿੱਤਾ ਹੈ। ਇਹ ਮੈਨੀਫੈਸਟੋ ਸਿਰਫ਼ ਐਲਾਨਨਾਮਾ ਨਹੀਂ, ਜਿਸ ਨੂੰ ਅਸੀਂ ਚੋਣਾਂ ਤੋਂ ਬਾਅਦ ਭੁੱਲ ਜਾਵਾਂਗੇ। ਇਹ ਉਸ ਦੇਸ਼ ਦੀ ਆਵਾਜ਼ ਹੈ, ਜੋ ਨਿਆਏ ਚਾਹੁੰਦਾ ਹੈ।

ਸੀ ਪੀ ਆਈ ਵੱਲੋਂ ਮੈਨੀਫੈਸਟੋ ਜਾਰੀ

ਨਵੀਂ ਦਿੱਲੀ : ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੇ ਰਾਜਨੀਤਕ ਦਲ ਆਪੋ-ਆਪਣਾ ਮੈਨੀਫੈਸਟੋ ਜਾਰੀ ਕਰ ਰਹੇ ਹਨ। ਇਸੇ ਦੌਰਾਨ ਸ਼ਨੀਵਾਰ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੇ ਆਪਣਾ ਮੈਨੀਫੈਸਟੋ ਜਾਰੀ ਕੀਤਾ। ਇਸ 'ਚ ਮਨਰੇਗਾ ਦੇ ਤਹਿਤ ਘੱਟੋ-ਘੱਟ ਮਜ਼ਦੂਰੀ ਵਧਾਉਣ ਦੀ ਗਰੰਟੀ ਤੋਂ ਲੈ ਕੇ ਓ ਪੀ ਐੱਸ ਨੂੰ ਬਹਾਲ ਕਰਨ ਅਤੇ ਸੀ ਏ ਏ-ਅਗਨੀਪਥ ਵਰਗੀਆਂ ਕੇਂਦਰ ਦੀਆਂ ਯੋਜਨਾਵਾਂ ਨੂੰ ਖ਼ਤਮ ਕਰਨ ਦਾ ਵਾਅਦਾ ਜਨਤਾ ਨਾਲ ਕੀਤਾ ਗਿਆ ਹੈ।

ਸੀ ਪੀ ਆਈ ਵੱਲੋਂ ਜਾਰੀ ਮੈਨੀਫੈਸਟੋ 'ਚ ਪਾਰਟੀ ਨੇ ਵਾਅਦਾ ਕੀਤਾ ਕਿ ਉਹ ਰਾਖਵਾਂਕਰਨ ਕੋਟੇ 'ਚ 50 ਫੀਸਦੀ ਦੀ ਮਨਮਾਨੀ ਲਿਮਟ ਨੂੰ ਹਟਾਉਣ, 33 ਫੀਸਦੀ ਮਹਿਲਾ ਰਿਜ਼ਰਵੇਸ਼ਨ ਨੂੰ ਤਤਕਾਲ ਲਾਗੂ ਕਰਾਉਣ, ਮਨਰੇਗਾ ਤਹਿਤ ਮਜ਼ਦੂਰਾਂ ਦੀ ਉਜਰਤ ਵਧਾ ਕੇ 700 ਰੁਪਏ ਕਰਾਉਣ ਅਤੇ ਪੁਰਾਣੀ ਪੈਨਸ਼ਨ ਯੋਜਨਾ (ਓ ਪੀ ਐੱਸ) ਨੂੰ ਬਹਾਲ ਕਰਾਉਣ ਦੀ ਦਿਸ਼ਾ 'ਚ ਕੰਮ ਕਰੇਗੀ। ਸੀ ਪੀ ਆਈ ਨੇ ਕੇਂਦਰ ਸਰਕਾਰ ਦੇ ਨਾਗਰਿਕਤਾ (ਸੋਧ) ਕਾਨੂੰਨ ਸੀ ਏ ਏ ਅਤੇ ਅਗਨੀਪਥ ਯੋਜਨਾਵਾਂ ਦਾ ਵੀ ਮੈਨੀਫੈਸਟੋ 'ਚ ਜ਼ਿਕਰ ਕੀਤਾ ਹੈ।

ਮੈਨੀਫੈਸਟੋ ਜਾਰੀ ਕਰਨ ਸਮੇਂ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ—ਜੇਕਰ ਅਸੀਂ ਆਪਣੇ ਸੰਵਿਧਾਨ, ਲੋਕਤੰਤਰ, ਆਪਣੇ ਦੇਸ਼ ਦੇ ਧਰਮ ਨਿਰਪੇਖ ਲੋਕਤੰਤਰਿਕ ਢਾਂਚੇ ਨੂੰ ਬਚਾਉਣਾ ਚਾਹੁੰਦੇ ਹਾਂ, ਸ਼ਾਸਨ ਦੀ ਸੰਘੀ ਪ੍ਰਣਾਲੀ ਦੀ ਰੱਖਿਆ ਕਰਨਾ ਚਾਹੁੰਦੇ ਹਾਂ ਅਤੇ ਜੇਕਰ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੋ ਗਿਆ ਹੈ ਕਿ ਚੋਣਾਂ 'ਚ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨਾ ਹੋਵੇਗਾ ਅਤੇ ਚੋਣਾਂ 'ਚ ਲੋਕਾਂ ਨੂੰ ਵੋਟ ਦੇ ਕੇ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਹਰਾਉਣਾ ਚਾਹੀਦਾ, ਤਾਂ ਹੀ ਭਾਰਤ ਇੱਕ ਧਰਮ ਨਿਰਪੱਖ ਲੋਕਤੰਤਰਿਕ ਗਣਰਾਜ ਬਣਿਆ ਰਹਿ ਸਕਦਾ ਹੈ।

ਡੀ ਰਾਜਾ ਨੇ ਕਿਹਾ ਕਿ ਸੰਘੀ ਸ਼ਾਸਨ ਪ੍ਰਣਾਲੀ ਅਤੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਮੌਜੂਦਾ ਸਰਕਾਰ ਨੂੰ ਗੱਦੀਓਂ ਲਾਹੁਣਾ ਜ਼ਰੂਰੀ ਹੈ।

ਸਕਾਰਪੀਓ-ਫਾਰਚੂਨਰ ਟੱਕਰ 'ਚ ਏ ਸੀ ਪੀ ਤੇ ਗੰਨਮੈਨ ਦੀ ਮੌਤ

ਸਮਰਾਲਾ (ਸੁਰਜੀਤ ਸਿੰਘ)

ਸਮਰਾਲਾ ਦੇ ਪਿੰਡ ਦਿਆਲਪੁਰਾ ਨੇੜੇ ਲੁਧਿਆਣਾ-ਚੰਡੀਗੜ੍ਹ ਹਾਈਵੇ 'ਤੇ ਬੀਤੀ ਰਾਤ ਪੁਲਸ ਅਧਿਕਾਰੀ ਦੀ ਫਾਰਚੂਨਰ ਅਤੇ ਸਾਹਮਣੇ ਤੋਂ ਆ ਰਹੀ ਸਕਾਰਪੀਓ ਵਿਚਾਲੇ ਜ਼ੋਰਦਾਰ ਟੱਕਰ ਕਾਰਨ ਲੁਧਿਆਣਾ ਈਸਟ ਦੇ ਏ ਸੀ ਪੀ ਸੰਦੀਪ ਸਿੰਘ ਤੇ ਉਨ੍ਹਾ ਦੇ ਗੰਨਮੈਨ ਪਰਮਜੋਤ ਸਿੰਘ ਦੀ ਮੌਤ ਹੋ ਗਈ, ਜਦਕਿ ਫਾਰਚੂਨਰ ਦੇ ਡਰਾਈਵਰ ਨੂੰ ਗੰਭੀਰ ਹਾਲਤ ਵਿਚ ਲੁਧਿਆਣਾ ਰੈਫ਼ਰ ਕੀਤਾ ਗਿਆ। ਏ ਸੀ ਪੀ ਸੰਦੀਪ ਸਿੰਘ ਦੇਰ ਰਾਤ ਚੰਡੀਗੜ੍ਹ ਤੋਂ ਲੁਧਿਆਣਾ ਆ ਰਹੇ ਸਨ।ਰਾਤ 12.30 ਵਜੇ ਹਾਦਸਾ ਹੋ ਗਿਆ।ਟੱਕਰ ਏਨੀ ਭਿਆਨਕ ਸੀ ਕਿ ਫਾਰਚੂਨਰ ਨੂੰ ਅੱਗ ਲੱਗ ਗਈ ਅਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਅੱਗ ਬੁਝਾਉਣ ਲਈ ਫਾਇਰ ਬ੍ਰਿਗੇਡ ਦੀ ਵੀ ਮਦਦ ਲਈ ਅਤੇ ਬੜੀ ਮੁਸ਼ਕਲ ਗੱਡੀ ਵਿੱਚੋਂ ਉਨ੍ਹਾਂ ਨੂੰ ਬਾਹਰ ਕੱਢ ਕੇ ਗੰਭੀਰ ਹਾਲਤ 'ਚ ਸਮਰਾਲਾ ਦੇ ਹਸਪਤਾਲ ਪਹੁੰਚਾਇਆ।

ਹਸਪਤਾਲ ਵਿਚ ਡਾਕਟਰਾਂ ਨੇ ਏ ਸੀ ਪੀ ਸੰਦੀਪ ਸਿੰਘ ਅਤੇ ਗੰਨਮੈਨ ਨੂੰ ਮ੍ਰਿਤਕ ਐਲਾਨ ਦਿੱਤਾ।ਏ ਸੀ ਪੀ ਸੰਦੀਪ ਸਿੰਘ 2016 ਬੈਚ ਦੇ ਪੀ ਪੀ ਐੱਸ ਅਫ਼ਸਰ ਸਨ। ਉਹ ਲੁਧਿਆਣਾ ਤੋਂ ਪਹਿਲਾਂ ਸੰਗਰੂਰ 'ਚ ਤਾਇਨਾਤ ਸਨ। ਖੰਨਾ

● ਬਾਕੀ ਸਫ਼ਾ 2 'ਤੇ

ਬੱਸ-ਕਾਰ ਟੱਕਰ 'ਚ 3 ਦੀ ਮੌਤ, 21 ਪੁਲਸ ਜਵਾਨ ਜ਼ਖ਼ਮੀ

ਭੂਪਾਲ : ਮੱਧ ਪ੍ਰਦੇਸ਼ ਦੇ ਸਿਵਨੀ ਜ਼ਿਲ੍ਹੇ ਦੇ ਕੇਵਲਾਰੀ ਕਾਣਾ ਖੇਤਰ 'ਚ 35ਵੀਂ ਬਟਾਲੀਅਨ ਦੇ ਐੱਸ ਐੱਫ਼ ਜਵਾਨਾਂ ਨੂੰ ਲਿਜਾ ਰਹੀ ਇੱਕ ਬੱਸ ਕਾਰ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ। ਹਾਦਸੇ 'ਚ 3 ਲੋਕਾਂ ਦੀ ਮੌਤ ਹੋ ਗਈ, ਜਦਕਿ 26 ਪੁਲਸ ਮੁਲਾਜ਼ਮ ਜ਼ਖਮੀ ਹੋ ਗਏ।

ਜਾਣਕਾਰੀ ਅਨੁਸਾਰ ਮੰਡਲਾ ਦੇ ਰਹਿਣ ਵਾਲੇ ਕੁਝ ਲੋਕ ਨਾਗਪੁਰ ਤੋਂ ਇਲਾਜ ਕਰਾ ਕੇ ਕਾਰ ਰਾਹੀਂ ਵਾਪਸ ਘਰ ਜਾ ਰਹੇ ਸਨ। ਇਸ ਦੌਰਾਨ ਪੁਲਸ ਜਵਾਨਾਂ ਨੂੰ ਲੈ ਕੇ ਸਿਵਨੀ ਆ ਰਹੀ ਬੱਸ ਦੀ ਧਾਨਾਗੜ੍ਹ ਦੇ ਕੋਲ ਕਾਰ ਨਾਲ ਟੱਕਰ ਹੋ ਗਈ। ਹਾਦਸੇ 'ਚ ਕਾਰ 'ਚ ਸਵਾਰ ਅਸ਼ੋਕ ਕੁਕਰੇਜਾ, ਮਮਤਾ ਜਸਵਾਨੀ, ਨਿਖਲੇਸ਼ ਜਸਵਾਨੀ, ਕਨੱਈਆ ਜਸਵਾਨੀ ਅਤੇ ਪਰਸ਼ੋਤਮ ਜ਼ਖਮੀ ਹੋ ਗਏ। ਉਥੇ ਹੀ ਬੱਸ 'ਚ 26 ਜਵਾਨ ਵੀ ਜ਼ਖ਼ਮੀ ਹੋ ਗਏ।

ਆਮ ਆਦਮੀ ਪਾਰਟੀ ਨੇ ਸ਼ੁਰੂ ਕੀਤੀ 'ਜ਼ੁਲਮ ਕਾ ਜਵਾਬ ਵੋਟ' ਮੁਹਿੰਮ

ਮਾਨ ਨੇ ਮੋਗਾ ਤੇ ਜਲੰਧਰ 'ਚ ਮੀਟਿੰਗਾਂ ਦੌਰਾਨ ਵਲੰਟੀਅਰਾਂ ਨੂੰ ਕਿਹਾ-ਮਿਸ਼ਨ 13-0 ਲਈ ਤਿਆਰ ਰਹੋ

ਚੰਡੀਗੜ੍ਹ/ਮੋਗਾ (ਗੁਰਜੀਤ ਬਿੱਲਾ/ ਇਕਬਾਲ ਸਿੰਘ ਖਹਿਰਾ)

ਮੁੱਖ ਮੰਤਰੀ ਭਗਵੰਤ ਮਾਨ ਚੋਣ ਪ੍ਰਚਾਰ ਦਾ ਬਿਗਲ ਵਜਾਉਂਦੇ ਹੋਏ ਸ਼ਨੀਵਾਰ ਨੂੰ ਮੋਗਾ ਅਤੇ ਜਲੰਧਰ ਪਹੁੰਚੇ, ਜਿੱਥੇ ਉਨ੍ਹਾ ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਅਤੇ ਵਲੰਟੀਅਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤਣ ਲਈ ਤਿਆਰ ਰਹਿਣ ਲਈ ਕਿਹਾ।ਭਗਵੰਤ ਮਾਨ ਨੇ 'ਆਪ' ਵਰਕਰਾਂ ਅਤੇ

● ਬਾਕੀ ਸਫ਼ਾ 2 'ਤੇ

ਕੇਜਰੀਵਾਲ ਦੀ ਗ੍ਰਿਫ਼ਤਾਰੀ ਖਿਲਾਫ ਆਪ ਆਗੂਆਂ ਤੇ ਵਰਕਰਾਂ ਦਾ ਵਰਤ ਅੱਜ

ਚੰਡੀਗੜ੍ਹ (ਗੁਰਜੀਤ ਬਿੱਲਾ)-7 ਅਪ੍ਰੈਲ ਨੂੰ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਭਾਰਤੀ ਜਨਤਾ ਪਾਰਟੀ ਦੀ ਤਾਨਾਸ਼ਾਹੀ ਖ਼ਿਲਾਫ਼ 'ਆਪ' ਆਗੂ ਤੇ ਵਰਕਰ ਪੰਜਾਬ ਭਰ ਵਿੱਚ ਇੱਕ ਰੋਜ਼ਾ ਵਰਤ ਰੱਖਣਗੇ।'ਆਪ' ਵਿਧਾਇਕ ਦਿਨੇਸ਼ ਚੱਢਾ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਪਾਰਟੀ ਹੈੱਡਕੁਆਰਟਰ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਇਹ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਭਾਰਤ ਦੇ ਲੋਕਤੰਤਰ ਨੂੰ ਬਚਾਉਣ ਲਈ ਇਹ ਵਰਤ ਰੱਖਿਆ ਜਾਵੇਗਾ। ਆਮ ਆਦਮੀ ਪਾਰਟੀ ਦੇ ਵਰਕਰ ਅਤੇ ਆਗੂ ਪੰਜਾਬ ਭਰ ਵਿੱਚ ਜ਼ਿਲ੍ਹਾ ਹੈੱਡਕੁਆਰਟਰਾਂ ਨੇੜੇ ਭੁੱਖ ਹੜਤਾਲ ਕਰਨਗੇ।

ਬੈਂਕ 'ਚ ਦਿਨ-ਦਿਹਾੜੇ 20 ਲੱਖ ਦੀ ਡਕੈਤੀ

ਅੰਮ੍ਰਿਤਸਰ : ਅੰਮ੍ਰਿਤਸਰ 'ਚ ਇੱਕ ਪ੍ਰਾਈਵੇਟ ਬੈਂਕ 'ਚ ਤਿੰਨ ਐਕਟਿਵਾ ਸਵਾਰ ਲੁਟੇਰਿਆਂ ਨੇ ਡਕੈਤੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ।ਐਕਟਿਵਾ 'ਤੇ ਸਵਾਰ ਹੋ ਕੇ 2-3 ਲੁਟੇਰੇ ਆਏ ਅਤੇ ਬੈਂਕ 'ਚ 20 ਲੱਖ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ।ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਸ ਵੱਲੋਂ ਸੀ ਸੀ ਟੀ ਵੀ ਕੈਮਰੇ ਖੰਗਾਲੇ ਜਾ ਰਹੇ ਹਨ।ਘਟਨਾ ਤਰਨ ਤਰਨ ਰੋਡ 'ਤੇ ਆਈ ਸੀ ਆਈ ਸੀ ਆਈ ਬੈਂਕ 'ਚ ਹੋਈ। ਬੈਂਕ ਅਧਿਕਾਰੀ ਨੇ ਦੱਸਿਆ ਕਿ ਤਿੰਨ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਕੈਸ਼ ਕਾਊਂਟਰ ਅੰਦਰ ਦਾਖਲ ਹੋ ਕੇ 20 ਲੱਖ ਰੁਪਏ ਲੁੱਟ ਲਏ ਅਤੇ ਫਰਾਰ ਹੋ ਗਏ।

ਜੰਮੂ-ਕਸ਼ਮੀਰ 'ਚ ਭੁਚਾਲ ਦੇ ਝਟਕੇ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਕਿਸ਼ਤਵਾੜ 'ਚ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਐਕਟਰ ਸਕੇਲ 'ਤੇ ਇਸ ਭੁਚਾਲ ਦੀ ਤੀਬਰਤਾ 3.8 ਮਾਪੀ ਗਈ। ਭੁਚਾਲ ਕਾਰਨ ਨੇੜੇ ਦੇ ਇਲਾਕਿਆਂ 'ਚ ਹਲਚਲ ਮਹਿਸੂਸ ਕੀਤੀ ਗਈ। ਭੁਚਾਲ ਦਾ ਕੇਂਦਰ 10 ਕਿਲੋਮੀਟਰ ਧਰਤੀ ਦੀ ਗਹਿਰਾਈ 'ਚ ਸੀ। ਭੁਚਾਲ ਨਾਲ ਕਿਸੇ ਜਾਨ-ਮਾਲ ਦੇ ਨੁਕਸਾਨ ਦੀ ਸੂਚਨਾ ਨਹੀਂ ਹੈ।

'ਪਸ਼ਮੀਨਾ ਮਾਰਚ' ਅੱਜ

ਲੱਦਾਖ : ਸੋਨਮ ਵਾਂਗਚੂਕ ਦੇ ਪਸ਼ਮੀਨਾ ਮਾਰਚ ਤੋਂ ਪਹਿਲਾਂ ਹੀ ਲੇਹ ਅਤੇ ਲੱਦਾਖ 'ਚ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪੂਰੇ ਇਲਾਕੇ 'ਚ ਧਾਰਾ 144 ਲਾ ਦਿੱਤੀ ਗਈ। ਵਾਂਗਚੂਕ 7 ਅਪ੍ਰੈਲ ਨੂੰ ਕੰਟਰੋਲ ਰੇਖਾ ਦੇ ਨਾਲ ਲੱਗਦੇ ਖੇਤਰਾਂ 'ਚ ਮਹਾਤਮਾ ਗਾਂਧੀ ਦੇ ਡਾਂਡੀ ਮਾਰਚ ਦੀ ਤਰ੍ਹਾਂ 'ਪਸ਼ਮੀਨਾ ਮਾਰਚ' ਕਰ ਰਹੇ ਹਨ। ਇਸ ਦਾ ਉਦੇਸ਼ ਲੱਦਾਖ ਦੇ ਚਾਰਗਾਹ ਖੇਤਰਾਂ 'ਚ ਕਥਿਤ ਚੀਨੀ ਘੁਸਪੈਠ ਨੂੰ ਸਾਹਮਣੇ ਲਿਆਉਣਾ ਹੈ।

'ਪਾਣੀ ਨਹੀਂ ਤਾਂ ਵੋਟ ਨਹੀਂ'

ਪੁਣੇ : ਪਾਣੀ ਦੇ ਸੰਕਟ ਨਾਲ ਜੂਝ ਰਹੇ ਪੁਣੇ ਦੇ ਸ਼ਿਵਾਜੀ ਨਗਰ ਦੇ ਖੈਰੇਵਾੜੀ ਦੇ ਨਿਵਾਸੀਆਂ ਨੇ ਸਮੱਸ

ਵਿਧਾਇਕ ਜਮੀਲ ਉਰ ਰਹਿਮਾਨ ਜ਼ਿਲ੍ਹਾ ਕੁਸ਼ਤੀ ਐਸੋਸੀਏਸ਼ਨ ਦੇ ਚੀਫ ਸਰਪ੍ਰਸਤ ਨਾਮਜ਼ਦ

ਮਾਲੇਰਕੋਟਲਾ (ਅਸਗਰ ਪਰਿਹਾਰ)-ਜ਼ਿਲ੍ਹਾ ਕੁਸ਼ਤੀ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਖਾਲਿਦ ਥਿੰਦ ਤੇ ਸਕੱਤਰ ਸ਼੍ਰੀ ਇਰਫਾਨ ਅੰਜੁਮ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਕੁਸ਼ਤੀ ਐਸੋਸੀਏਸ਼ਨ ਦੇ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ ਆਈ.ਪੀ.ਐੱਸ. ਵੱਲੋਂ ਸਥਾਨਕ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਨੂੰ ਜ਼ਿਲ੍ਹਾ ਕੁਸ਼ਤੀ ਐਸੋਸੀਏਸ਼ਨ ਦਾ ਚੀਫ ਸਰਪ੍ਰਸਤ ਨਾਮਜ਼ਦ ਕੀਤਾ ਗਿਆ। ਸਟੇਟ ਬਾਡੀ ਵੱਲੋਂ ਸਰਬਸੰਮਤੀ ਦੇ ਨਾਲ ਸ਼੍ਰੀ ਰਹਿਮਾਨ ਦੇ ਨਾਂ 'ਤੇ ਸਹਿਮਤੀ ਦਿੱਤੀ। ਸ਼੍ਰੀ ਰਹਿਮਾਨ ਨੇ ਇਸ ਜ਼ਿੰਮੇਵਾਰੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਵਰਣਨਯੋਗ ਹੈ ਕਿ ਸਥਾਨਕ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਜਦੋਂ ਤੋਂ ਸੱਤਾ 'ਚ ਆਏ ਹਨ, ਉਨ੍ਹਾਂ ਸਾਹਿਤਕ, ਵਿੱਦਿਅਕ, ਸਮਾਜ ਸੇਵਾ ਤੇ ਖੇਡਾਂ ਦੇ ਖੇਤਰ 'ਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਡਾਕਟਰ ਰਹਿਮਾਨ ਦੇ ਚੀਫ ਸਰਪ੍ਰਸਤ ਨਾਮਜ਼ਦ ਹੋਣ ਤੋਂ ਬਾਅਦ ਰੈਸਲਿੰਗ ਐਸੋਸੀਏਸ਼ਨ 'ਚ ਸਕਾਰਾਤਮਕ ਸਰਗਰਮੀਆਂ 'ਚ ਤੇਜ਼ੀ ਆਉਣ ਦੀ ਸੰਭਾਵਨਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਬੁਰੀਆਂ ਆਦਤਾਂ ਤੋਂ ਬਚਾ ਕੇ ਖੇਡ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਪੰਜਾਬ ਦੀ ਜਵਾਨੀ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ 'ਚ ਆਪਣਾ ਯੋਗਦਾਨ ਪਾ ਸਕੇ। ਮਲੇਰਕੋਟਲਾ ਜ਼ਿਲ੍ਹੇ ਦੇ ਖਿਡਾਰੀਆਂ ਵੱਲੋਂ ਡਾਕਟਰ ਜਮੀਲ ਉਰ ਰਹਿਮਾਨ ਦੇ ਜ਼ਿਲ੍ਹਾ ਕੁਸ਼ਤੀ ਐਸੋਸੀਏਸ਼ਨ ਦੇ ਚੀਫ ਸਰਪ੍ਰਸਤ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਟੈਗੋਰ ਵਿਦਿਆਲਿਆ ਦਾ 5ਵੀਂ ਦਾ ਨਤੀਜਾ ਸ਼ਾਨਦਾਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ।ਇਸ ਪ੍ਰੀਖਿਆ ਵਿੱਚ ਟੈਗੋਰ ਵਿਦਿਆਲਿਆ ਦੇ ਵਿਦਿਆਰਥੀ ਹਰਜੋਤ ਕੌਰ ਪੁੱਤਰੀ ਦਸਵੀਰ ਸਿੰਘ ਨੇ 469/500 (93.8%), ਮਨਵੀਰ ਸਿੰਘ ਪੁੱਤਰ ਗੁਰਚਰਨ ਸਿੰਘ 465/500 (93%), ਪੂਰਤੀ ਰਾਣੀ ਪੁੱਤਰੀ ਸੁਨੀਲ ਕੁਮਾਰ 448/500 (89.6%), ਸ਼ੋਰਿਆ ਗਿਸ਼ੀ ਪੁੱਤਰ ਜਤਿੰਦਰ ਗਿਸ਼ੀ 445/500 (89%) ਅੰਕ ਪ੍ਰਾਪਤ ਕੀਤੇ।ਜ਼ਿਕਰਯੋਗ ਹੈ ਕਿ ਇਸ ਵਾਰ ਪੰਜਵੀਂ ਜਮਾਤ ਦੀ ਪ੍ਰੀਖਿਆ ਵਿੱਚ ਟੈਗੋਰ ਵਿਦਿਆਲਿਆ ਸਕੂਲ ਦੇ ਸਾਰੇ ਵਿਦਿਆਰਥੀ ਅਪੀਅਰ ਹੋਏ ਹਨ।ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜਾ ਆਉਣ 'ਤੇ ਵਧਾਈ ਦਿੱਤੀ ਤੇ ਬੱਚਿਆਂ ਦਾ ਹੌਸਲਾ ਵਧਾਇਆ।ਇਸ ਮੌਕੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਗਿਸ਼ੀ ਨੇ ਬੱਚਿਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ।

ਬੰਦ ਪਏ ਬਾਥਰੂਮ ਤੋਂ ਲੋਕ ਪ੍ਰੇਸ਼ਾਨ

ਰਾਜਪੁਰਾ (ਰਮੇਸ਼ ਕਟਾਰੀਆ)-ਇਥੇ ਦੀ ਬੂਥ ਮਾਰਕੀਟ ਰਾਜਪੁਰਾ ਟਾਊਨ ਦੇ ਬੰਦ ਪਏ ਬਾਥਰੂਮ ਤੋਂ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਬਾਥਰੂਮ ਪਿਛਲੇ ਛੇ ਮਹੀਨੇ ਤੋਂ ਬੰਦ ਪਿਆ ਹੈ। ਇਥੇ ਦੀ ਵਿਧਾਇਕ ਨੇ ਵੀ ਬਹੁਤ ਯਤਨ ਕੀਤੇ ਅਤੇ ਲੋਕਾਂ ਨੂੰ ਭਰੋਸਾ ਵੀ ਦਿਵਾਇਆ ਹੈ ਪਰੰਤੂ ਉਨ੍ਹਾ ਦੀ ਕੋਸ਼ਿਸ਼ ਵੀ ਨਾਕਾਮ ਹੁੰਦੀ ਜਾਪਦੀ ਹੈ ਕਿਉਂਕਿ ਜਿਸ ਠੇਕੇਦਾਰ ਨੂੰ ਇਸ ਦੀ ਰਿਪੇਅਰ ਦਾ ਠੇਕਾ ਦਿੱਤਾ ਹੈ, ਉਹ ਮੱਠੀ ਸਪੀਡ ਨਾਲ ਕੰਮ ਕਰ ਰਿਹਾ ਹੈ। ਇੱਥੇ ਕੋਈ ਸਫਾਈ ਸੇਵਕ ਵੀ ਨਹੀਂ ਹੈ। ਇਸ ਕਾਰਨ ਪ੍ਰਧਾਨ ਮੰਤਰੀ ਸਫਾਈ ਮੁਹਿੰਮ ਠੱਪ ਹੋ ਕੇ ਰਹਿ ਗਈ ਹੈ। ਇਸ ਸਬੰਧੀ ਇਥੇ ਦੇ ਦੁਕਾਨਦਾਰਾਂ ਨੇ ਬਹੁਤ ਵਾਰੀ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਸੰਪਰਕ ਵੀ ਕੀਤਾ ਹੈ ਪਰੰਤੂ ਅਫਸਰਾਂ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਨਹੀਂ।

ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦਾ ਨਤੀਜਾ ਸ਼ਾਨਦਾਰ

ਭਗਤਾ ਭਾਈ ਕਾ (ਰਾਜੀਵ ਗੋਇਲ)-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦਾ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ। ਸਾਰੇ ਬੱਚਿਆਂ ਨੇ ਅੰਗਰੇਜ਼ੀ ਮਾਧਿਅਮ ਵਿੱਚ 80% ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ। ਜਿਸ ਵਿਚੋਂ ਪਹਿਲਾ ਸਥਾਨ ਅਨਮੋਲਦੀਪ ਕੌਰ ਨੇ ਅਤੇ ਕਰਨ ਕੁਮਾਰ ਨੇ ਪ੍ਰਾਪਤ ਕੀਤਾ। ਦੂਸਰਾ ਸਥਾਨ ਜਸਪ੍ਰੀਤ ਕੌਰ ਅਤੇ ਸਹਿਜਪ੍ਰੀਤ ਸਿੰਘ ਨੇ ਪ੍ਰਾਪਤ ਕੀਤਾ । ਤੀਸਰਾ ਸਥਾਨ ਸਹਿਜਪ੍ਰੀਤ ਸਿੰਘ ਨੇ ਅਤੇ ਸੁਮਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ। ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਸਕੂਲ ਸਟਾਫ਼ , ਮਾਪਿਆਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਮਾਜ ਸੇਵੀ ਰਵਿੰਦਰ ਕਪਿਲ, ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਜਸਪ੍ਰੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ , ਮੰਦਰ ਸਿੰਘ, ਦਵਿੰਦਰ ਸ਼ਰਮਾ ਆਦਿ ਸ਼ਾਮਲ ਸਨ।

ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਗੈਪ ਬਾਵਜੂਦ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐਮ.ਐੱਸ. ਇਮੀਗ੍ਰੇਸ਼ਨ ਜੋ ਕਿ ਬਾਘਾ ਪੁਰਾਣਾ ਸ਼ਹਿਰ ਦੀ ਨਹਿਰੂ ਮੰਡੀ ਵਿਖੇ ਸਥਿਤ ਹੈ ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਅਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ। ਇਸ ਵਾਰ ਸੰਸਥਾ ਵੱਲੋਂ ਜਸਦੀਪ ਸਿੰਘ ਵਾਸੀ ਝੰਡੇਆਣਾ ਗਰਬੀ ਜ਼ਿਲ੍ਹਾ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਸੁਪਨੇ ਨੂੰ ਉੱਚੀ ਉਡਾਣ ਦਿੱਤੀ ਗਈ ਹੈ। ਡਾਇਰੈਕਟਰ ਹਰਲਾਲ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ। ਉਨ੍ਹਾ ਦੱਸਿਆ ਗਿਆ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ। ਸੰਸਥਾ ਵੱਲੋਂ ਵੀਜ਼ੇ ਸੰਬੰਧੀ ਤਸੱਲੀਬਖਸ਼ ਸਲਾਹ ਦੇ ਕੇ ਹੀ ਵੀਜ਼ਾ ਲਗਾਇਆ ਜਾਂਦਾ ਹੈ। ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਵਿਦਿਆਰਥੀ ਨੂੰ ਵੀਜ਼ੇ ਕਾਪੀ ਸੌਂਪਦਿਆਂ ਵਧਾਈ ਦਿੱਤੀ।

ਚੰਨੀ ਨੂੰ ਫ਼ਤਿਹਗੜ੍ਹ ਸਾਹਿਬ ਤੋਂ ਚੋਣ ਮੈਦਾਨ 'ਚ ਉਤਾਰ ਸਕਦੀ ਹੈ ਕਾਂਗਰਸ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਪਾਰਟੀ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ। ਇਹ ਗੱਲ ਸੂਤਰਾਂ ਵੱਲੋਂ ਦੱਸੀ ਗਈ ਹੈ।ਉਨ੍ਹਾਂ ਦੱਸਿਆ ਹੈ ਕਿ ਕਾਂਗਰਸ ਪਾਰਟੀ ਵੱਲੋਂ ਕਰਵਾਏ ਗਏ ਸਰਵੇ ਵਿੱਚ ਚਰਨਜੀਤ ਚੰਨੀ ਪਹਿਲੇ ਨੰਬਰ 'ਤੇ ਆਏ ਹਨ ਅਤੇ ਉਹ ਲੋਕ ਸਭਾ ਫ਼ਤਹਿਗੜ੍ਹ ਸਾਹਿਬ ਤੋਂ ਜਿੱਤ ਦਰਜ ਕਰ ਸਕਦੇ ਹਨ।ਉਥੇ ਹੀ ਜੇਕਰ ਲੋਕ ਸਭਾ ਹਲਕਾ ਫ਼ਤਿਹਗੜ੍ਹ ਤੋਂ ਚੰਨੀ ਸਬੰਧੀ ਗੱਲ ਕੀਤੀ ਜਾਂਦੀ ਹੈ ਤਾਂ ਉਹ ਵੀ ਚੰਨੀ ਨੂੰ ਪਸੰਦ ਕਰਦੇ ਹਨ ਅਤੇ ਕਹਿੰਦੇ ਹਨ ਕਾਂਗਰਸ ਪਾਰਟੀ ਜੇਕਰ ਚੰਨੀ ਨੂੰ ਟਿਕਟ ਦਿੰਦੀ ਹੈ ਤੇ ਭਾਰੀ ਬਹੁਮਤ ਨਾਲ ਜਿੱਤ ਦਰਜ ਕਰਨਗੇ ਅਤੇ ਚੰਨੀ ਲੋਕਾਂ ਦੀ ਪਹਿਲੀ ਪਸੰਦ ਹਨ।ਉਥੇ ਹੀ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੇ ਲੋਕਾਂ ਨੇ ਕਾਂਗਰਸ ਹਾਈਕਮਾਨ ਨੂੰ ਮੰਗ ਕੀਤੀ ਹੈ ਕਿ ਚੰਨੀ ਨੂੰ ਹੀ ਚੋਣ ਮੈਦਾਨ ਵਿੱਚ ਉਤਾਰਿਆ ਜਾਵੇ।

ਜਗਮੀਤ ਸਿੰਘ ਹਰਿਆਊ ਅਕਾਲੀ ਦਲ ਦੇ ਪੀ ਏ ਸੀ ਮੈਂਬਰ ਬਣੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੱਲੋਂ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਦੌਰਾਨ ਹਲਕਾ ਸ਼ੁਤਰਾਣਾ ਤੋਂ ਅਕਾਲੀ ਦਲ ਦੇ ਸੀਨੀਅਰ ਆਗੂ ਜਗਮੀਤ ਸਿੰਘ ਹਰਿਆਊ ਨੂੰ ਪੀ ਏ ਸੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ ਨਿਯੁਕਤੀ ਨੂੰ ਲੈ ਕੇ ਅਕਾਲੀ ਵਰਕਰਾਂ ਵਿੱਚ ਖੁਸ਼ੀ ਦਾ ਮਹੌਲ ਹੈ।ਨੌਜਵਾਨ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਬਦਲਾਅ ਦੇ ਨਾਂ ਹੇਠ ਆਮ ਆਦਮੀ ਪਾਰਟੀ ਵੱਲੋਂ ਦਿਖਾਏ ਗਏ ਸਬਜ਼ਬਾਗ ਦੇ ਧੋਖੇ ਵਿੱਚ ਆ ਕੇ ਸੱਤਾ ਸੌਂਪ ਦਿੱਤੀ ਸੀ ਪਰ ਆਪਣੇ ਅੱਧਾ ਕਾਰਜਕਾਲ ਪੂਰਾ ਕਰ ਲੈਣ 'ਤੇ ਵੀ ਵਿਕਾਸ ਕਾਰਜ ਪੂਰੀ ਤਰ੍ਹਾਂ ਠੱਪ ਹਨ। ਉਨ੍ਹਾ ਕਿਹਾ ਕਿ ਸਵਰਗੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰਾਜ ਦਾ ਕੀਤਾ ਗਿਆ ਵਿਕਾਸ ਲੋਕਾਂ ਨੂੰ ਯਾਦ ਆਉਣ ਲੱਗਾ ਹੈ। ਲੋਕ ਮੁੜ ਤੋਂ ਅਕਾਲੀ ਦਲ ਨੂੰ ਯਾਦ ਕਰਨ ਲੱਗੇ ਹਨ ਅਤੇ ਪਾਰਟੀ ਲਗਾਤਾਰ ਮਜ਼ਬੂਤੀ ਵੱਲ ਵਧ ਰਹੀ ਹੈ। ਉਨ੍ਹਾ ਕਿਹਾ ਕਿ ਉਹ ਨੌਜਵਾਨ ਵਰਗ ਨੂੰ ਪਾਰਟੀ ਨਾਲ ਜੋੜਨ ਲਈ ਵੱਧ ਤੋਂ ਵੱਧ ਯਤਨ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਪਾਤੜਾਂ ਦਿਹਾਤੀ ਦੇ ਪ੍ਰਧਾਨ ਗੁਰਦੀਪ ਸਿੰਘ ਖਾਗ, ਗੁਰਬਚਨ ਸਿੰਘ ਮੋਲਵੀਵਾਲਾ, ਲਖਵਿੰਦਰ ਸਿੰਘ ਮੋਲਵੀਵਾਲਾ, ਜਸਪਾਲ ਸਿੰਘ ਨੂਰਪੁਰਾ, ਕਾਰਜ ਸਿੰਘ ਬਕਰਾਹਾ, ਜੋਗਿੰਦਰ ਸਿੰਘ ਬਾਵਾ, ਗੋਬਿੰਦ ਸਿੰਘ ਵਿਰਦੀ, ਅਜੈਬ ਸਿੰਘ ਮੱਲ੍ਹੀ, ਦਵਿੰਦਰ ਸਿੰਘ ਗੋਗੀ, ਤੇਜਵੀਰ ਸਿੰਘ ਖਾਗ, ਮਹਿਲ ਸਿੰਘ ਡਰੋਲੀ, ਵਿਰਸਾ ਸਿੰਘ ਗਲੋਲੀ, ਰਸ਼ਪਾਲ ਸਿੰਘ ਨਿਆਲ, ਵਿਸ਼ਾਲ ਗੋਇਲ, ਕੁਲਬੀਰ ਸਿੰਘ ਗਲੋਲੀ, ਸੁਰਜੀਤ ਸਿੰਘ ਸ਼ੁਤਰਾਣਾ, ਸਰਬਜੀਤ ਸਿੰਘ ਕਕਰਾਲਾ, ਵਿਜੇ ਬਰਾਸ, ਵਿਨੋਦ ਜਿੰਦਲ, ਤਰਲੋਕ ਸਿੰਘ ਆਦਿ ਬਲਦੇਵ ਸਿੰਘ ਚੀਮਾ ਆਦਿ ਹਾਜ਼ਰ ਸਨ ।

ਪ੍ਰੈੱਸ ਕਲੱਬ ਮਮਦੋਟ ਬਣੀ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦਾ ਹਿੱਸਾ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)-ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਮਮਦੋਟ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਭੂਮਿਕਾ ਅਦਾ ਕਰ ਰਹੀ ਪ੍ਰੈੱਸ ਕਲੱਬ ਮਮਦੋਟ ਰਜਿ: 5320/2018 ਅੱਜ ਤੋਂ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦਾ ਹਿੱਸਾ ਬਣ ਗਈ ਹੈ। ਪ੍ਰੈੱਸ ਕਲੱਬ ਦਫਤਰ ਮਮਦੋਟ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਵੱਲੋਂ ਪ੍ਰੈੱਸ ਕਲੱਬ ਮਮਦੋਟ ਨੂੰ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਨੂੰ ਸਮੂਹ ਮੈਂਬਰ ਸਾਹਿਬਾਨ ਦੀ ਹਾਜ਼ਰੀ ਵਿੱਚ ਨੇਪਰੇ ਚਾੜ੍ਹਿਆ ਗਿਆ। ਇਸ ਮੌਕੇ ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਰਵਿੰਦਰ ਸਿੰਘ (ਕਾਲਾ) ਉੱਪਲ ਦੀ ਪ੍ਰਧਾਨਗੀ ਹੇਠ ਅਜੋਕੀ ਪੱਤਰਕਾਰੀ ਤੇ ਇਸ ਦੇ ਮਿਆਰ ਸਬੰਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਬਲਵਿੰਦਰ ਸਿੰਘ ਜੰਮੂ ਚੇਅਰਮੈਨ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਤੇ ਸੈਕਟਰੀ ਜਨਰਲ ਇੰਡੀਆ ਜਨਰਲਿਸਟ ਯੂਨੀਅਨ, ਮਲਕੀਤ

■ ਮੀਡੀਆ ਦੀ ਆਜ਼ਾਦੀ ਬਰਕਰਾਰ ਰੱਖਣ ਵਾਸਤੇ ਮਜ਼ਬੂਤ ਸੰਗਠਨ ਦੀ ਲੋੜ : ਜੰਮੂ

ਸਿੰਘ (ਟੋਨੀ) ਛਾਬੜਾ ਜ਼ਿਲ੍ਹਾ ਪ੍ਰਧਾਨ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ, ਕੁਲਦੀਪ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ ਚੰਡੀਗੜ੍ਹ ਜਨਰਲਿਸਟ ਯੂਨੀਅਨ, ਬਲਦੇਵ ਰਾਜ ਸ਼ਰਮਾ ਸਰਪ੍ਰਸਤ ਪ੍ਰੈੱਸ ਕਲੱਬ ਮਮਦੋਟ, ਹਰਪਾਲ ਸੋਢੀ ਚੇਅਰਮੈਨ, ਜੋਗਿੰਦਰ ਸਿੰਘ ਭੋਲਾ ਸੀਨੀਅਰ ਉੱਪ ਪ੍ਰਧਾਨ, ਜਸਬੀਰ ਸਿੰਘ ਕੰਬੋਜ ਜਨਰਲ ਸਕੱਤਰ ਤੇ ਜਸਵੰਤ ਸਿੰਘ ਥਿੰਦ ਵੱਲੋਂ ਅਜੋਕੀ ਪੱਤਰਕਾਰੀ ਤੇ ਇਸ ਦੇ ਮਿਆਰ ਸਬੰਧੀ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਬਲਵਿੰਦਰ ਸਿੰਘ ਜੰਮੂ ਸੈਕਟਰੀ ਜਨਰਲ ਇੰਡੀਆ ਜਨਰਲਿਸਟ ਯੂਨੀਅਨ ਨੇ ਕਿਹਾ ਕਿ ਸਮੇਂ ਸਮੇਂ 'ਤੇ ਸਰਕਾਰਾਂ ਵੱਲੋਂ ਮੀਡੀਆ ਨੂੰ ਦਬਾ ਕੇ, ਡਰਾ ਕੇ ਜਾਂ ਖਰੀਦ ਕੇ ਇਸ ਦੀ ਆਜ਼ਾਦੀ ਨੂੰ ਖਤਮ ਕਰਨ ਦੇ ਯਤਨ ਕੀਤੇ ਗਏ ਹਨ, ਪ੍ਰੰਤੂ ਸੇਵਾ ਭਾਵਨਾ ਨਾਲ ਕੰਮ ਕਰ ਰਹੇ ਪੱਤਰ

7-APR-PAGE-3.qxd 4/6/2024 10:48 PM Page 1

ਉਪ ਡਾਕਘਰ ਪੁਲ ਤਿੱਬੜੀ ਦਾ ਰਵੀ ਕੁਮਾਰ ਰਮਨੀ ਨੇ ਚਾਰਜ ਸੰਭਾਲਿਆ

ਗੁਰਦਾਸਪੁਰ (ਜਨਕ ਮਹਾਜਨ)-ਸੀਨੀਅਰ ਸੁਪਰਡੈਂਟ ਡਾਕਘਰ ਗੁਰਦਾਸਪੁਰ ਰਵੀ ਕੁਮਾਰ ਦੇ ਹੁਕਮਾਂ ਅਨੁਸਾਰ ਰਮਨੀ ਨੂੰ ਉਪ ਡਾਕਘਰ ਪੁਲ ਤਿੱਬੜੀ ਵਿਖੇ ਤਾਇਨਾਤ ਕਰ ਦਿੱਤਾ ਗਿਆ ਹੈ ਅਤੇ ਰਾਜੀਵ ਨੂੰ ਬਦਲ ਕੇ ਗੁਰਦਾਸਪੁਰ ਭੇਜ ਦਿੱਤਾ ਗਿਆ ਹੈ। ਰਮਨੀ ਨੇ ਦੱਸਿਆ ਕਿ ਡਾਕਘਰ ਵਿਭਾਗ ਦੀਆਂ ਪਾਲਿਸੀਆਂ ਇੰਨ-ਬਿੰਨ ਲਾਗੂ ਕਰਵਾਇਆ ਜਾਵੇਗਾ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਲੋਕਾਂ ਨੂੰ ਪੋਸਟ ਆਫਿਸ ਸਕੀਮਾਂ ਦਾ ਲਾਭ ਲੋਕਾਂ ਨੂੰ ਵਧ-ਚੜ੍ਹ ਕੇ ਲੈਣਾ ਚਾਹੀਦਾ ਕਿਉਂਜੋ ਇਥੇ ਵਿਆਜ ਵੱਧ ਮਿਲਦਾ ਹੈ। ਉਨ੍ਹਾਂ ਨੇ ਆਪਣੇ ਸਟਾਫ਼ ਨੂੰ ਪ੍ਰੇਰਨਾ ਦਿੱਤੀ ਕਿ ਉਹ ਡਾਕਘਰ ਵਿਚ ਆਉਂਦੇ ਗਾਹਕਾਂ ਨੂੰ ਸਤਿਕਾਰ ਨਾਲ ਮਿਲਣ ਅਤੇ ਉਨ੍ਹਾਂ ਦਾ ਕੰਮ ਪਹਿਲੇ ਦੇ ਆਧਾਰ 'ਤੇ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਰੁਪਿੰਦਰ, ਸੁਖਵਿੰਦਰ ਕੌਰ, ਸਚਿਨ, ਰਾਜੇਸ਼ ਆਦਿ ਹਾਜ਼ਰ ਸਨ।

ਕਰੇਟਾ ਕਾਰ 'ਚੋਂ ਨਾਜਾਇਜ਼ ਸ਼ਰਾਬ ਸਮੇਤ ਦੋ ਵਿਅਕਤੀ ਕਾਬੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਥਾਣਾ ਧਾਰੀਵਾਲ ਦੀ ਪੁਲਸ ਨੇ ਕਰੇਟਾ ਕਾਰ ਵਿੱਚ 30,000 ਐੱਮਐੱਲ ਸ਼ਰਾਬ ਨਾਜਾਇਜ਼ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਜਗਦੀਸ਼ ਸਿੰਘ ਨੇ ਸਮੇਤ ਪੁਲਸ ਪਾਰਟੀ ਸਹਿਰ ਦੇ ਬਾਹਰਵਾਰ ਬਾਈਪਾਸ ਤਰੀਜਾ ਨਗਰ ਵਿਖੇ ਸਪੈਸ਼ਲ ਨਾਕਾਬੰਦੀ ਦੌਰਾਨ ਮੁੱਖਬਰ ਖਾਸ ਦੀ ਇਤਲਾਹ 'ਤੇ ਇਕ ਕਰੇਟਾ ਕਾਰ ਨੰਬਰੀ ਪੀਬੀ 18 ਡਬਲਯੂ 4575 ਨੂੰ ਕਾਬੂ ਕਰਕੇ ਕਾਰ ਦੀ ਤਲਾਸ਼ੀ ਕੀਤੀ ਤਾਂ ਕਾਰ ਦੀ ਡਿੱਗੀ ਵਿੱਚੋ ਇੱਕ ਕੈਨ ਪਲਾਸਟਿਕ ਵਿੱਚੋਂ 30,000 ਐੱਮਐੱਲ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਮੁਲਜ਼ਮਾਂ ਦੀ ਪਛਾਣ ਰਵਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਅਨੰਤਪੁਰ, ਮਜੀਠਾ ਅੰਮ੍ਰਿਤਸਰ ਅਤੇ ਰਣਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਭੰਗਵਾ, ਮਜੀਠਾ ਅੰਮ੍ਰਿਤਸਰ ਵਜੋਂ ਹੋਈ। ਪੁਲਸ ਨੇ ਦੋਵਾਂ ਮੁਲਜ਼ਮਾਂ ਰਵਿੰਦਰ ਸਿੰਘ ਤੇ ਰਣਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

ਪੰਡੋਰੀ ਧਾਮ ਨੂੰ ਆਉਂਦੀਆਂ ਸੜਕਾਂ ਦੀ ਮੁਰੰਮਤ ਕਰਨ ਦੀ ਮੰਗ ਨੇ ਫੜਿਆ ਜ਼ੋਰ

ਗੁਰਦਾਸਪੁਰ (ਜਨਕ ਮਹਾਜਨ)-ਪ੍ਰਸਿੱਧ ਇਤਿਹਾਸਕ ਅਸਥਾਨ ਪੰਡੋਰੀ ਧਾਮ ਦਾ ਵਿਸਾਖੀ ਮੇਲਾ ਕਾਫ਼ੀ ਮਸ਼ਹੂਰ ਹੈ ਪਰ ਪੁਰਾਣਾ ਸ਼ਾਲਾ ਤੋਂ ਪੰਡੋਰੀ ਧਾਮ ਨੂੰ ਆਉਣ ਵਾਲੀ ਸੜਕ ਦੀ ਹਾਲਤ ਕਾਫ਼ੀ ਖਸਤਾ ਹੋਈ ਪਈ ਹੈ। ਇਸ ਸਬੰਧੀ ਇਲਾਕੇ ਦੇ ਵੱਖ-ਵੱਖ

ਪਾਰਟੀ ਦੇ ਆਗੂਆਂ, ਪੰਚਾਂ, ਸਰਪੰਚਾਂ ਨੇ ਦੱਸਿਆ ਕਿ ਪੰਡੋਰੀ ਧਾਮ ਵਿਖੇ ਵਿਸਾਖੀ ਦਾ ਮੇਲਾ ਹਰ ਸਾਲ ਬੜੀ ਧੂਮ-ਧਾਮ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ ਪਰ ਧਾਮ ਨੂੰ ਆਉਣ ਵਾਲੀਆਂ ਸੜਕਾਂ ਵਿਚ ਟੋਏ ਪੈਣ ਜਾਣ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਉਨ੍ਹਾਂ ਕਿਹਾ ਇਸ ਅਥਸਾਨ 'ਤੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਵਿਦੇਸ਼ਾਂ ਤੋਂ ਲੋਕ ਵਿਸਾਖੀ ਦਾ ਮੇਲਾ ਵੇਖਣ ਅਤੇ ਧਾਮ 'ਚ ਨਤਮਸਤਕ ਹੋਣ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿਚ ਵਿਸਾਖੀ ਮੇਲਾ ਦੇਖਣ ਲਈ ਆਉਣ ਵਾਲੇ ਲੋਕਾਂ ਨੂੰ ਇਨ੍ਹਾਂ ਸੜਕਾਂ ਤੋਂ ਲੰਘਣਾ ਔਖਾ ਹੋਵੇਗਾ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪੁਰਾਣਾ ਸ਼ਾਲਾ ਤੋਂ ਪੰਡੋਰੀ ਧਾਮ ਨੂੰ ਜਾਣ ਵਾਲੀ ਸੜਕ ਦੀ ਮੁਰੰਮਤ ਕਰਵਾਉਣ ਵਾਸਤੇ ਸਬੰਧਿਤ ਵਿਭਾਗ ਨੂੰ ਹੁਕਮ ਜਾਰੀ ਕੀਤੇ ਜਾਣ।

ਸ਼ਿਵ ਮੰਦਰ ਕਲਾਨੌਰ 'ਚ ਕੈਂਸਰ ਜਾਗਰੂਕਤਾ ਸੈਮੀਨਾਰ ਲੱਗਾ

ਕਲਾਨੌਰ (ਮਨਦੀਪ ਕੋਹਲੀ)-ਪ੍ਰਾਚੀਨ ਸ਼ਿਵ ਮੰਦਰ ਕਲਾਨੌਰ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਮੁੰਬਈ ਦੇ ਸਹਾਇਕ ਸਾਬਕਾ ਪ੍ਰੋਫੇਸਰ ਜਦਕਿ ਆਈਵੀਵਾਈ ਹਸਪਤਾਲ ਅੰਮ੍ਰਤਿਸਰ ਦੇ ਸੀਨੀਅਰ ਕੈਂਸਰ ਮਾਹਿਰ ਡਾ. ਸ਼ਸ਼ਾਂਕ ਮਹਾਜਨ (ਐੱਮਐੱਸਐੱਸ) ਭਗਵਾਨ ਸ਼ਿਵ ਦੇ ਦਰਸ਼ਨ ਕਰਨ ਦੇ ਬਾਅਦ ਕੈਂਸਰ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਦੱਸਿਆ ਗਿਆ ਕਿ ਕੈਂਸਰ ਤੋਂ ਲੋਕ ਕਿਵੇਂ ਬਚ ਸਕਦੇ ਹਨ।ਇਸ ਮੌਕੇ ਡਾ. ਸ਼ਸ਼ਾਂਕ ਮਹਾਜਨ ਨੇ ਕਿਹਾ ਕਿ ਅੱਜਕੱਲ ਤੰਬਾਕੂਨੋਸ਼ੀ, ਧੂਮ, ਨਾਸ਼ਾ, ਪੱਛਮੀ ਸੱਭਿਆਚਾਰ ਦੀ ਆਪਣੇ ਨਾਲ ਕੈਂਸਰ ਦਾ ਮੁੱਖ ਕਾਰਨ ਬਣ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਕੈਂਸਰ ਹੋ ਸਕਦਾ ਹੈ, ਤਾਂ ਉਸ ਦੇ ਡਾਕਟਰਾਂ ਨੇ ਇਸਦੀ ਜਾਂਚ ਕਰੋ, ਪਹਿਲੀ ਅਤੇ ਦੂਜੀ ਸਟੇਜ ਵਿੱਚ ਕੈਂਸਰ ਦਾ ਇਲਾਜ ਸੰਭਵ ਹੈ ਅਤੇ ਇਸ ਸਟੇਜ ਵਿੱਚ ਕੈਂਸਰ ਨੂੰ ਜੜ੍ਹ ਖਤਮ ਕੀਤਾ ਜਾ ਸਕਦਾ ਹੈ।ਇਸ ਮੌਕੇ ਵਿਜੇ ਸੇਠੀ, ਸੁਰਿੰਦਰ ਵਰਮਾ, ਮਾਸਟਰ ਹੰਸ ਰਾਜ, ਰਾਜੇਸ਼ ਮਹਾਜਨ, ਡਾ. ਰਾਮੇਸ਼ਵਰ ਸੈਣੀ, ਵਿਨੋਦ ਵੋਹਰਾ, ਬਲਬੀਰ ਸਿੰਘ, ਰਾਹੁਲ ਸੋਢੀ, ਡਾਕਟਰ ਵਰਿੰਦਰ ਬੇਦੀ, ਮਾਸਟਰ ਦਰਸ਼ਨ ਸਿੰਘ ਪੁਰੇਵਾਲ ਵਿਨੋਦ ਗੁਪਤਾ, ਸੁਮਿਤ ਮਹਾਜਨ ਆਦਿ ਵੀ ਮੌਜੂਦ ਸਨ।

ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਦਾ 5ਵੀਂ ਜਮਾਤ ਦਾ ਨਤੀਜਾ ਸੌ ਫੀਸਦੀ

ਚੋਹਲਾ ਸਾਹਿਬ (ਰਮਨ ਚੱਢਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਦੇ ਪੰਜਵੀਂ ਦੇ ਵਿਦਿਆਰਥੀਆਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਾਲਾਨਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਗਗਨਦੀਪ ਕੌਰ 466, ਸੁਖਮਨਪ੍ਰੀਤ ਕੌਰ 464 ਤੇ ਗਗਨਦੀਪ ਕੌਰ 460, ਰਮਨਦੀਪ ਕੌਰ 450 ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹੀਆਂ।ਸ਼ਾਨਦਾਰ ਨਤੀਜਾ ਆਉਣ ਤੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਬਹੁਤ ਹੀ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।ਮੌਕੇ ਤੇ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਤਰਲੋਚਨ ਸਿੰਘ ਡੀ ਆਰ ਅਤੇ ਬਲਬੀਰ ਸਿੰਘ ਡੀਐੱਮ ਅਤੇ ਮੈਡਮ ਸਿਮਰਜੀਤ ਕੌਰ ਸਮੇਤ ਸਮੂਹ ਸਟਾਫ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਸਮੇਂ ਸਕੂਲ ਦੀ ਮੈਨੇਜਮੈਂਟ ਨੇ ਸਮੂਹ ਮਿਹਨਤੀ ਸਟਾਫ ਦੀ ਹੌਸਲਾ ਅਫ਼ਜ਼ਾਈ ਕੀਤੀ।ਇਸ ਸਮੇਂ ਪ੍ਰਿੰ. ਮੈਡਮ ਪਰਮਿੰਦਰ ਕੌਰ ਖਹਿਰਾ, ਅੰਮ੍ਰਿਤਪਾਲ ਕੌਰ, ਪ੍ਰਭਦੀਪ ਕੌਰ, ਨਵਦੀਪ ਕੌਰ, ਗਗਨਪ੍ਰੀਤ ਕੌਰ, ਨਵਨੀਤ ਕੌਰ, ਰਾਜਬੀਰ ਕੌਰ, ਮਿਸਰਨਜੀਤ ਕੌਰ, ਹਰਪ੍ਰੀਤ ਕੌਰ, ਜਸਦੀਪ ਕੌਰ, ਰਾਜਪ੍ਰੀਤ ਕੌਰ, ਹਰਸਿਮਰਨ ਕੌਰ ਅਤੇ ਮੈਡਮ ਨਿਰਮਲ ਕੌਰ ਹਾਜ਼ਰ ਸਨ।

ਬੇਦੀ ਜਠੇਰਿਆਂ ਦੀ ਮੇਲ 13 ਨੂੰ

ਕਲਾਨੌਰ (ਮਨਦੀਪ ਕੋਹਲੀ)-ਦੋਰਾਂਗਲਾ ਵਿਖੇ ਬੇਦੀ ਜਠੇਰਿਆਂ ਦੀ ਮੇਲ 13 ਤਰੀਕ ਨੂੰ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਵਰਿੰਦਰ ਬੇਦੀ, ਮਨਮੋਹਨ ਬੇਦੀ ਨੇ ਦੱਸਿਆ ਕਿ ਬੇਦੀ ਵੰਸ਼ ਦਾ ਵਿਆਹ ਪੁਰਬ 13 ਅਪ੍ਰੈਲ ਨੂੰ ਕਲਾਨੌਰ ਵਾਰੀਦਾਰ ਪਿੰਡ ਦੋਰਾਂਗਾਂਲਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਮੁੱਖ ਸੇਵਾਦਾਰ ਸਤੀਸ਼ ਬੇਦੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੇਦੀ ਵੰਸ਼ ਦੇ ਜੇਠਾਂ ਦਾ ਵਿਆਹ ਸਮਾਗਮ ਹੋਵੇਗਾ।ਬਾਬਾ ਕਾਨਪਤ ਰਾਏ ਬੇਦੀ ਬਾਬਾ ਬਹੁਲ ਰਾਏ ਬੇਦੀ ਜੀ ਦੀ ਸਮਾਧ 'ਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਕੀਤਾ ਜਾਵੇਗਾ, ਅਤੁੱਟ ਲੰਗਰ ਵਰਤਾਇਆ ਜਾਵੇਗਾ।

ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਕਰਨ ਦੇ ਦੋਸ਼ 'ਚ ਤਿੰਨ ਗ੍ਰਿਫ਼ਤਾਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਵਲਟੋਹਾ 'ਚ ਕੁੜੀ ਦੇ ਪ੍ਰੇਮ ਵਿਆਹ ਤੋਂ ਖਫ਼ਾ ਹੋ ਕੇ ਲੜਕੇ ਦੀ ਮਾਂ ਨੂੰ ਨਗਨ ਕਰਕੇ ਕੁੱਟਣ ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਵਾਲੀ ਲੜਕੇ ਦੀ ਮਾਂ, ਉਸ ਦੇ ਇੱਕ ਪੁੱਤਰ ਤੇ ਉਨ੍ਹਾਂ ਦੇ ਇੱਕ ਸਾਥੀ ਨੂੰ ਵਲਟੋਹਾ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਦੱਸਣਯੋਗ ਹੈ ਕਿ 31 ਮਾਰਚ ਨੂੰ ਵਲਟੋਹਾ 'ਚ ਪ੍ਰੇਮ ਸੰਬੰਧਾਂ ਮਗਰੋਂ ਅਦਾਲਤੀ ਵਿਆਹ ਕਰਵਾਉਣ ਵਾਲੇ ਲੜਕੇ ਦੀ ਮਾਂ ਨੂੰ ਲੜਕੀ ਦੀ ਮਾਂ ਤੇ ਭਰਾਵਾਂ ਵੱਲੋਂ ਅਣਪਛਾਤਿਆਂ ਨਾਲ ਰਲ ਕੇ ਨਿਰਵਸਤਰ ਕਰਕੇ ਗਲੀਆਂ ਵਿੱਚ ਭਜਾ-ਭਜਾ ਕੇ ਕੁੱਟਿਆ ਗਿਆ ਸੀ ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਗਈ ਸੀ, ਜਿਸ ਤੋਂ ਬਾਅਦ ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਇਸ ਮਾਮਲੇ ਸੰਬੰਧੀ ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਤਰਨ ਤਾਰਨ ਨੂੰ ਪੱਤਰ ਲਿਖ ਕੇ ਮਾਮਲੇ ਦੀ ਜਾਂਚ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ।ਇਸ ਸੰਬੰਧੀ ਐੱਸਐੱਸਪੀ ਦਫ਼ਤਰ ਤਰਨ ਤਾਰਨ 'ਚ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਸੀਨੀਅਰ ਸੁਪਰਡੈਂਟ ਆਫ਼ ਪੁਲਸ ਅਸ਼ਵਨੀ ਕਪੂਰ ਨੇ ਦੱਸਿਆ ਕਿ ਵਲਟੋਹਾ 'ਚ ਧੀ ਦੇ ਪ੍ਰੇਮ ਵਿਆਹ ਤੋਂ ਖਫ਼ਾ ਹੋ ਕੇ ਮਾਂ ਵੱਲੋਂ ਆਪਣੇ ਪੁੱਤਰਾਂ ਤੇ ਅਣਪਛਾਤਿਆਂ ਨਾਲ ਮਿਲ ਕੇ ਲੜਕੇ ਦੀ ਮਾਂ ਨੂੰ ਨਗਨ ਕਰਕੇ ਕੁੱਟਣ ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਵਾਲੀ ਔਰਤ ਕੁਲਵਿੰਦਰ ਕੌਰ ਪਤਨੀ ਬਲਦੇਵ ਸਿੰਘ,ਉਸ ਦੇ ਇੱਕ ਪੁੱਤਰ ਗੁਰਚਰਨ ਸਿੰਘ ਤੇ ਉਨ੍ਹਾਂ ਦੇ ਹੀ ਪਿੰਡ ਦੇ ਰਹਿਣ ਵਾਲੇ ਸੰਨੀ ਪੁੱਤਰ ਪ੍ਰਤਾਪ ਸਿੰਘ ਨਾਮਕ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਐੱਸਐੱਸਪੀ ਨੇ ਦੱਸਿਆ ਕਿ ਘਟਨਾ ਨੂੰ ਅੰਜਾਮ ਦੇਣ ਮਗਰੋਂ ਫ਼ਰਾਰ ਹੋਏ ਦੋਸ਼ੀਆਂ ਨੂੰ ਫੜਨ ਲਈ ਸਬ ਡਵੀਜ਼ਨ ਭਿੱਖੀਵਿੰਡ ਤੋਂ ਡੀਐੱਸਪੀ ਪ੍ਰੀਤਇੰਦਰ ਸਿੰਘ ਦੀ ਅਗਵਾਈ ਹੇਠ ਟੀਮਾਂ ਬਣਾਈਆਂ ਗਈਆਂ ਸਨ । ਉਨ੍ਹਾਂ ਦੱਸਿਆ ਕਿ ਟੈਕਨੀਕਲ ਸੋਰਸਿਜ਼ ਦੀ ਮਦਦ ਨਾਲ ਦੋਸ਼ੀਆਂ ਦੇ ਰਿਸ਼ਤੇਦਾਰਾਂ ਦੇ ਘਰਾਂ 'ਚ ਰੇਡ ਕਰਕੇ ਪੰਜ ਦੋਸ਼ੀਆਂ 'ਚੋਂ ਤਿੰਨ ਨੂੰ ਕਾਬੂ ਕਰਕੇ ਸੰਬੰਧਤ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਹੈ।ਇਸਦੇ ਨਾਲ ਹੀ ਐੱਸਐੱਸਪੀ ਨੇ ਕਿਹਾ ਕਿ ਬਾਕੀ ਰਹਿੰਦੇ ਮੁਲਜ਼ਮਾਂ ਨੂੰ ਵੀ ਜਲਦੀ ਕਾਬੂ ਕੀਤਾ ਜਾਵੇਗਾ।

ਚੇਅਰਮੈਨ ਬੇਦੀ ਤੇ ਜ਼ਿਲ੍ਹਾ ਸਿੱਖਿਆ ਅਫਸਰ ਸ਼ਰਮਾ ਵੱਲੋਂ ਆਧੁਨਿਕ ਕੰਪਿਊਟਰ ਲੈਬ ਦਾ ਉਦਘਾਟਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਤੇ ਉਘੇ ਸਮਾਜ ਸੇਵਕ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਦੇ ਯਤਨਾਂ ਸਦਕਾ ਬੇਦੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਮੁਹੱਲਾ ਮੁਲਖ ਰਾਜ ਡੇਰਾ ਬਾਬਾ ਨਾਨਕ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨੂੰ ਆਧੁਨਿਕ ਕੰਪਿਊਟਰ ਲੈਬ ਦਿੱਤੀ ਗਈ ।ਜ਼ਿਲ੍ਹਾ ਸਿੱਖਿਆਂ ਅਫਸਰ ਸੈਕੰਡਰੀ ਰਾਜੇਸ਼ ਕੁਮਾਰ ਸ਼ਰਮਾ ਅਤੇ ਗੁਰਦੁਆਰਾ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਵਿਸ਼ੇਸ਼ ਤੌਰ 'ਤੇ ਸਕੂਲ ਵਿਖੇ ਪਹੁੰਚ ਕੇ ਇਸ ਆਧੁਨਿਕ ਕੰਪਿਊਟਰ ਲੈਬ ਦਾ ਉਦਘਾਟਨ ਕੀਤਾ ਗਿਆ । ਇਸ ਮੌਕੇ ਸਕੂਲ ਵਿੱਚ ਬਣੇ ਬਾਬਾ ਸ਼੍ਰੀ ਚੰਦ ਆਡੀਟੋਰੀਅਮ ਵਿਖੇ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਸਾਡੇ ਟਰੱਸਟ ਵੱਲੋਂ ਸਕੂਲ ਨੂੰ ਪਹਿਲਾਂ ਵੀ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ, ਪਰ ਇਸ ਸਕੂਲ ਵਿੱਚ ਕੰਪਿਊਟਰ ਲੈਬ ਦੀ ਘਾਟ ਸੀ, ਸੋ ਅੱਜ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਬੇਦੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਵੱਲੋ ਪੂਰੀ ਕਰ ਦਿੱਤੀ ਗਈ ਹੈ। ਲੈਬ ਵਿੱਚ ਡੈੱਲ ਕੰਪਨੀ ਦੇ 26 ਕੰਪਿਊਟਰ ਲਗਾਏ ਗਏ ਹਨ। ਇਸ ਮੌਕੇ ਡੀਈਓ ਰਾਜੇਸ਼ ਸ਼ਰਮਾ ਨੇ ਸਿੱਖਿਆਂ ਵਿਭਾਗ ਵੱਲੋਂ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਬੇਦੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਦਾ ਧੰਨਵਾਦ ਕਰਦਿਆ ਕਿਹਾ ਕਿ ਬਾਬਾ ਜੀ ਦੇ ਅਸ਼ੀਰਵਾਦ ਸਦਕਾ ਡੇਰਾ ਬਾਬਾ ਨਾਨਕ ਦੇ ਦੋਵੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹੋ ਗਏ ਹਨ ਜੋ ਪੰਜਾਬ ਪੱਧਰ ਤੇ ਸਾਡੇ ਲਈ ਇੱਕ ਮਿਸਾਲ ਵਾਲੀ ਗੱਲ ਹੈ ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਾਬਾ ਰਜਿੰਦਰ ਸਿੰਘ ਬੇਦੀ ਨੇ ਦੱਸਿਆਂ ਕਿ ਟਰੱਸਟ ਹਰ ਵਕਤ ਲੋੜਵੰਦ ਸਕੂਲੀ ਬੱਚਿਆਂ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਚਾਹਲ ਨੇ ਬਾਬਾ ਰਜਿੰਦਰ ਸਿੰਘ

7-APRIL-PAGE-4.qxd 4/6/2024 10:53 PM Page 1

ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਵੱਲੋਂ ਨੈਸ਼ਨਲ ਹਾਈਵੇ ਜਾਮ

ਮੱਖੂ (ਰਛਪਾਲ ਸਿੰਘ ਸੰਧੂ)

ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਦੇ ਸਬੰਧ 'ਚ ਨੈਸ਼ਨਲ ਹਾਈਵੇ 54 'ਤੇ ਬੰਗਾਲੀ ਵਾਲਾ ਪੁਲ ਨਜ਼ਦੀਕ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਧਰਨਾ ਲਗਾ ਕੇ ਨੈਸ਼ਨਲ ਹਾਈਵੇ ਜਾਮ ਕੀਤਾ ਗਿਆ।ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਵੱਲੋਂ ਲਗਾਏ ਧਰਨੇ ਕਾਰਨ ਮਾਝਾ ਤੇ ਮਾਲਵਾ ਆਉਣ-ਜਾਣ ਦਾ ਸੰਪਰਕ ਟੁੱਟਣ ਕਾਰਨ ਸੜਕ ਕਿਨਾਰੇ ਦੋਨੋਂ ਪਾਸੇ ਵਹੀਕਲਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ।ਇਸ ਮੌਕੇ ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਜਸਬੀਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਨਤਾ ਨਾਲ ਵੱਡੇ ਵੱਡੇ ਝੂਠੇ ਵਾਅਦੇ ਕਰਕੇ ਹੋਂਦ ਵਿੱਚ ਆਈ ਭਗਵੰਤ ਮਾਨ ਸਰਕਾਰ ਸੋਚ ਰਹੀ ਹੈ ਕਿ ਕੀ ਪੰਜਾਬ ਦੇ ਲੋਕ ਉਸ ਨੂੰ ਮਾਫ ਕਰ ਦੇਣਗੇ? ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਸਰਕਾਰ ਤੋਂ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਾਂ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਅਸੀਂ ਕਿਸਾਨਾਂ ਦੇ ਹਰੇਕ ਹੋਏ ਨੁਕਸਾਨ ਦਾ ਮੁਆਵਜ਼ਾ ਦੇਵਾਂਗੇ ਇਥੋਂ ਤੱਕ ਕਿ ਮੁਰਗੀ ਤੇ ਬੱਕਰੀ ਮਰਨ ਤੱਕ ਵੀ ਮੁਆਵਜ਼ੇ ਦੀਆਂ ਗੱਲਾਂ ਕੀਤੀਆਂ ਗਈਆਂ ਸਨ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਦੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ ਸੀ ਤੇ ਕਣਕ ਦੀ ਬਿਜਾਈ ਠੀਕ ਢੰਗ ਨਾਲ ਨਹੀਂ ਕਰ ਸਕੇ, ਕਿਉਂਕਿ ਕਿਸਾਨਾਂ ਦੀ ਜ਼ਮੀਨ ਵਿੱਚ ਰੇਤਾ ਪੈਣ ਕਾਰਨ ਭਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਜੇਕਰ ਕੋਈ ਕਿਸਾਨ ਵੀਰ ਆਪਣੀ ਪੈਲੀ ਵਿੱਚ ਪਈ ਰੇਤਾ ਦੀ ਇੱਕ ਅੱਧੀ ਟਰਾਲੀ ਵੇਚ ਲੈਂਦਾ ਹੈ ਤਾਂ ਉਸ 'ਤੇ ਵੀ ਪਰਚਾ ਦਰਜ ਹੋ ਜਾਂਦਾ ਹੈ।ਇਸ ਮੌਕੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ, ਮਹਿਲ ਸਿੰਘ ਫਤਿਹਆਲਾ ਮੀਤ ਪ੍ਰਧਾਨ ਪੰਜਾਬ, ਮਹਾਂਵੀਰ ਸਿੰਘ ਮੀਤ ਪ੍ਰਧਾਨ ਪੰਜਾਬ, ਸੁਖਵੰਤ ਸਿੰਘ ਗਿੱਲ ਨਿਯਮਦੀਨ ਵਾਲਾ ਖਜ਼ਾਨਚੀ ਪੰਜਾਬ, ਮੁਖਤਿਆਰ ਸਿੰਘ, ਕੁਲਦੀਪ ਸਿੰਘ ਜਰਨਲ ਸਕੱਤਰ ਪੰਜਾਬ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨ ਹਾਜ਼ਰ ਸਨ।

ਬੀ ਕੇ ਯੂ ਏਕਤਾ ਆਜ਼ਾਦ ਵੱਲੋਂ ਪੁਤਲਾ ਫੂਕ ਪ੍ਰਦਰਸ਼ਨ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਪਿੰਡ ਛਾਜਲੀ ਦੇ ਗੁਰੂ ਘਰ ਵਿਖੇ ਜ਼ਿਲ੍ਹਾ ਕਾਰਜਕਾਰੀ ਆਗੂ ਕੁਲਵਿੰਦਰ ਸੋਨੀ ਲੌਂਗੋਵਾਲ ਤੇ ਸੰਤ ਰਾਮ ਸਿੰਘ ਛਾਜਲੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਕਾਰਜਕਾਰੀ ਆਗੂ ਮਨਜੀਤ ਸਿੰਘ ਨਿਆਲ ਤੇ ਸੂਬਾ ਔਰਤ ਆਗੂ ਗੁਰਪ੍ਰੀਤ ਕੌਰ ਬਰਾਸ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਸ਼ੰਭੂ, ਖਨੌਰੀ ਤੇ ਰਾਜਸਥਾਨ ਬਾਰਡਰ ਤੇ ਚੱਲ ਰਿਹਾ ਮੋਰਚਾ ਪੂਰੀ ਚੜ੍ਹਦੀਕਲਾ ਵਿਚ ਹੈ।ਪਿੰਡਾਂ ਵਿੱਚੋਂ ਲਗਾਤਾਰ ਮਾਵਾਂ, ਭੈਣਾਂ ਤੇ ਕਿਸਾਨ ਮਜ਼ਦੂਰ ਭਰਾਵਾਂ ਦੇ ਵੱਡੇ ਜਥੇ ਬਾਰਡਰਾਂ ਵੱਲ ਜਾ ਰਹੇ ਹਨ।ਮੋਦੀ ਤੇ ਹਰਿਆਣਾ ਸਰਕਾਰ ਨੂੰ ਲਗਾਤਾਰ ਹੱਥਾਂ ਪੈਰਾਂ ਦੀ ਕੰਬਣੀ ਛਿੜੀ ਹੋਈ ਹੈ ਤਾਂ ਹੀ ਹਰਿਆਣਾ ਸਰਕਾਰ ਵੱਲੋਂ ਲਗਾਤਾਰ 12 ਫਰਵਰੀ ਤੋਂ 2 ਕਿਸਾਨ ਭਰਾਵਾਂ ਨੂੰ ਜੇਲ੍ਹ ਵਿੱਚ ਤਾੜ ਕੇ ਰੱਖਿਆ ਹੋਇਆ ਹੈ ਤੇ ਸ਼ਹੀਦ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪਿੰਡ ਮੋਹੜਾ ਮੰਡੀ ਵਿੱਚ ਕੀਤੀ ਗਈ ਰੈਲੀ ਤੋਂ ਪਹਿਲਾਂ 3 ਨੌਜਵਾਨ ਕਿਸਾਨਾਂ ਨੂੰ ਲਗਾਤਾਰ ਹਿਰਾਸਤ ਵਿੱਚ ਰੱਖਿਆ ਹੋਇਆ ਹੈ, ਉਨ੍ਹਾਂ ਨੂੰ ਰਿਹਾਅ ਕਰਾਉਣ ਲਈ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਮੋਦੀ ਤੇ ਸੈਣੀ ਸਰਕਾਰ ਦੇ ਪੁਤਲੇ 7 ਅਪ੍ਰੈਲ ਨੂੰ ਫੂਕੇ ਜਾਣਗੇ।ਆਗੂਆਂ ਵੱਲੋਂ ਵਾਰ ਵਾਰ ਪ੍ਰਸ਼ਾਸਨ ਨਾਲ ਮਿਲਣ ਤੋਂ ਬਾਅਦ ਵੀ ਸਰਕਾਰ ਕੋਈ ਹੱਲ ਨਹੀਂ ਕਰ ਰਹੀ, ਇਸ ਲਈ 9 ਅਪ੍ਰੈਲ ਨੂੰ ਸ਼ੰਭੂ 'ਤੇ ਰੇਲਾਂ ਰੋਕੀਆਂ ਜਾਣਗੀਆਂ ਤੇ ਕੋਈ ਫੈਸਲਾ ਹੋਣ ਤੋਂ ਬਾਅਦ ਹੀ ਛੱਡੀਆਂ ਜਾਣਗੀਆਂ।

ਇਸ ਮੀਟਿੰਗ ਵਿੱਚ ਜ਼ਿਲ੍ਹਾ ਕਾਰਜਕਾਰੀ ਆਗੂ ਹਰਦੇਵ ਕੁਲਾਰ, ਸੁਖਦੇਵ ਸ਼ਰਮਾ, ਗੁਰਮੇਲ ਸਿੰਘ ਕੈਪਰ, ਬਲਾਕ ਆਗੂ ਦਰਬਾਰਾ ਲੋਹਾਖੇੜਾ, ਸਤਿਗੁਰ ਨਮੋਲ, ਮੱਖਣ ਪਾਪੜਾ, ਬਾਰਾ ਮੰਗਵਾਲ, ਕੁਲਵਿੰਦਰ ਫੱਜੀ, ਸੁਖਵਿੰਦਰ ਪੇਧਨੀ ਕਲਾਂ, ਸੁਖਦੇਵ ਕਿਲ੍ਹਾ ਭਰੀਆਂ, ਗੁਰਦੀਪ ਮੰਡੇਰ ਖੁਰਦ, ਬਲਜਿੰਦਰ ਲੌਂਗੋਵਾਲ ਆਦਿ ਹਾਜ਼ਰ ਸਨ।

ਪੀ ਐੱਸ ਈ ਬੀ ਇੰਪਲਾਈਜ਼ ਤੇ ਪੈਨਸ਼ਨਰਜ਼ ਵੱਲੋਂ ਸਾਂਝੀ ਕਨਵੈਨਸ਼ਨ

ਰਾਜਪੁਰਾ (ਰਮੇਸ਼ ਕਟਾਰੀਆ)

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਸਰਕਲ ਪਟਿਆਲਾ ਅਤੇ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਸਰਕਲ ਪਟਿਆਲਾ ਨੇ ਸਾਂਝੇ ਤੌਰ 'ਤੇ ਮੈਂਬਰਾਂ ਨੂੰ ਜਾਗਰੂਕ ਕਰਨ ਲਈ ਕੰਨਵੈਨਸ਼ਨ ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਤੇ ਪੈਨਸ਼ਨਰ ਯੂਨੀਅਨ ਏਟਕ ਸਰਕਲ ਪ੍ਰਧਾਨ ਸਾਥੀ ਰਾਮ ਰਤਨ ਦੀ ਪ੍ਰਧਾਨਗੀ ਹੇਠ ਹੋਈ। ਕੰਨਵੈਨਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਵਿੱਛੜੇ ਆਗੂਆਂ ਤੇ ਕਿਸਾਨਾਂ ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸ਼ੁਰੂ ਵਿੱਚ ਸਾਥੀ ਰਾਮ ਰਤਨ ਜੀ ਨੇ ਭਗਤੀ ਦਾ ਗੀਤ ਪੇਸ਼ ਕੀਤਾ। ਇਸ ਕੰਨਵੈਨਸ਼ਨ ਵਿੱਚ ਸੈਂਕੜੇ ਸਾਥੀਆਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਜੋ ਪਿਛਲੇ ਸਮੇਂ ਵਿੱਚ ਮੁਲਾਜ਼ਮਾਂ, ਮਜ਼ਦੂਰਾ ਤੇ ਕਿਸਾਨਾਂ ਖਿਲਾਫ ਗਲਤ ਕਾਨੂੰਨ ਬਣਾ ਕੇ ਧੱਕਾ ਕੀਤਾ ਗਿਆ ਹੈ, ਉਸ ਦਾ ਮੂੰਹ ਤੋੜਵਾਂ ਜਵਾਬ ਦੇਣ ਦਾ ਸਮਾਂ ਆ ਗਿਆ ਹੈ। ਇਸ ਕੰਨਵੈਨਸ਼ਨ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ

ਪੇ ਸਕੇਲਾਂ ਦਾ ਬਕਾਇਆ, ਪੈਨਸ਼ਨਰ ਸਾਥੀਆਂ ਨੂੰ ਯੂਨਿਟਾਂ ਦੀ ਰਿਆਇਤ, ਮੈਡੀਕਲ ਕੈਸ਼ਲੈਸ ਸਕੀਮ ਤੇ ਸਾਰੇ ਹੀ ਕੱਚਿਆਂ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕਰਨਾ ਆਦਿ ਨੂੰ ਲਾਗੂ ਕੀਤਾ ਜਾਵੇ। ਇਨ੍ਹਾਂ ਤੋਂ ਬਾਅਦ ਸਾਥੀ ਬਲਜੀਤ ਕੁਮਾਰ ਨੇ ਮੈਨੇਜਮੈਂਟ ਨੂੰ ਵੀ ਚਿਤਾਵਨੀ ਦਿੱਤੀ ਕਿ ਜੇਕਰ ਮੰਨੀਆਂ ਮੰਗਾਂ ਤੁਰੰਤ ਲਾਗੂ ਨਾ ਕੀਤੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਾਂਝੇ ਤੌਰ 'ਤੇ ਵੱਡਾ ਸੰਘਰਸ਼ ਕੀਤਾ ਜਾਵੇਗਾ। ਇਸ ਕੰਨਵੈਨਸ਼ਨ ਵਿੱਚ ਸਾਥੀ ਬਲਬੀਰ ਸਿੰਘ ਨਾਭਾ, ਸੁਖਦੇਵ ਸਿੰਘ ਐੱਸ ਡੀ ਓ, ਅਮਰੀਕ ਸਿੰਘ ਸਮਾਣਾ, ਮੱਘਰ ਸਿੰਘ, ਕੁਲਦੀਪ ਸਿੰਘ, ਜਗਵਿੰਦਰ ਸਿੰਘ ਰਾਜਪੁਰਾ, ਜਗਦੀਸ਼ ਸਿੰਘ, ਪਿਆਰਾ ਸਿੰਘ ਸਮਾਣਾ, ਜਗਜੀਤ ਸਿੰਘ, ਮੁਹੰਮਦ ਅਸ਼ਰਫ, ਸੰਦੀਪ ਅੱਤਰੀ ਲੋਕਲ ਪਟਿਆਲਾ ਤੇ ਸਰਕਲ ਪਟਿਆਲਾ ਅਧੀਨ ਆਉਂਦੀਆਂ ਸਬ ਡਵੀਜ਼ਨਾਂ ਦੇ ਆਗੂਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਟੇਜ ਦੀ ਕਾਰਵਾਈ ਸਰਕਲ ਸਕੱਤਰ ਸਾਥੀ ਅਰਸ਼ਦੀਪ ਸਿੰਘ ਸਮਾਣਾ ਨੇ ਬਹੁਤ ਸ਼ਾਨਦਾਰ ਤਰੀਕੇ ਨਾਲ ਨਿਭਾਈ। ਕੰਨਵੈਨਸ਼ਨ ਵਿੱਚ ਆਏ ਸਾਥੀਆਂ ਦਾ ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਵੱਲੋਂ ਅਖੀਰ ਵਿੱਚ ਧੰਨਵਾਦ ਕੀਤਾ ਗਿਆ।

ਸੀਵਰੇਜ ਦੀ ਨਿਕਾਸੀ ਨੂੰ ਲੈ ਕੇ ਹਾਈਵੇ ਜਾਮ ਅੱਜ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਇਥੋਂ ਦੇ ਫਲਾਈ ਓਵਰ ਨਾਲ ਸਰਵਿਸ ਰੋਡ 'ਤੇ ਪਿਛਲੇ ਲੰਮੇ ਸਮੇਂ ਤੋਂ ਖੜੇ ਜਵਾਹਰ ਨਗਰ ਦੇ ਸੀਵਰੇਜ ਦੇ ਪਾਣੀ ਤੋਂ ਤੰਗ ਆਏ ਨਗਰ ਵਾਸੀਆਂ, ਸ਼ਹਿਰ ਤੇ ਇਲਾਕਾ ਨਿਵਾਸੀਆਂ ਨੇ ਸੰਘਰਸ਼ ਨੂੰ ਤਿੱਖਾ ਕਰਦਿਆਂ 7 ਅਪ੍ਰੈਲ ਨੂੰ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ ਜਾਮ ਕਰਕੇ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਤੇ ਹਲਕਾ ਮੌੜ ਦੇ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਦੀਆਂ ਅਰਥੀਆਂ ਫੂਕਣ ਦਾ ਐਲਾਨ ਕੀਤਾ ਹੈ।ਸਰਵਿਸ ਰੋਡ 'ਤੇ ਖੜੇ ਗੰਦੇ ਪਾਣੀ ਦੇ ਮੁਕੰਮਲ ਪੱਕੇ ਹੱਲ ਲਈ ਭਰਵੀਂ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਸਾਬਕਾ ਸਰਪੰਚ ਬਲਜੀਤ ਸਿੰਘ ਜਵਾਹਰ ਨਗਰ, ਹਰਜਿੰਦਰ ਸਿੰਘ ਪੱਟੀ, ਸੁਖਵੰਤ ਸਿੰਘ ਜੇ ਈ, ਮਲਕੀਤ ਸਿੰਘ ਜੇ ਈ, ਗੇਜਾ ਸਿੰਘ ਪ੍ਰਧਾਨ, ਬੀਰ ਸਿੰਘ, ਸਤਿੰਦਰ ਸਿੰਘ ਬਰਾੜ, ਰਜਿੰਦਰ ਸਿੰਘ, ਜਿੰਦੂ ਮੈਂਬਰ, ਸਾਬਕਾ ਪ੍ਰਧਾਨ ਹੈਪੀ ਬਾਂਸਲ, ਸਾਬਕਾ ਐੱਮ ਸੀ ਪ੍ਰਿੰਸਨੰਦਾ, ਸਤੀਸ਼ ਮਿੱਤਲ, ਗੋਰਾ ਲਾਲ ਸਾਬਕਾ ਸਰਪੰਚ, ਨਰੇਸ਼ ਚਾਵਲਾ, ਆਰ ਐੱਸ ਜੇਠੀ, ਰਾਜੂ ਜੇਠੀ, ਸੰਜੇ ਤਨਵਰ, ਮਨਜੀਤ ਸਿੰਘ ਬਿੱਟੀ ਦੀ ਟੀਮ ਤੇ ਸਮੂਹ ਕਾਂਵੜ ਸੰਘ ਰਾਮਪੁਰਾ ਫੂਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

ਕਾਤਰਾਂ

ਸਿਰਸਾ ਲੋਕ ਸਭਾ ਸੀਟ ਲਈ ਬਹੁਜਨ ਸਮਾਜ ਪਾਰਟੀ ਦਾ ਮੰਥਨ ਜਾਰੀ

ਸਿਰਸਾ (ਸੁਰਿੰਦਰ ਪਾਲ ਸਿੰਘ)-ਲੋਕ ਸਭਾ ਚੋਣਾਂ ਵਿਚ ਕਿਸੇ ਵੀ ਵੱਡੀ ਪਾਰਟੀ ਨੂੰ ਬਹੁਮਤ ਨਾ ਮਿਲਣ ਦੀਆਂ ਜ਼ੋਰਦਾਰ ਰਾਜਨੀਤਕ ਚਰਚਾਵਾਂ ਦੇ ਚੱਲਦੇ ਹੁਣ ਬਹੁਜਨ ਸਮਾਜ ਪਾਰਟੀ ਵੱਲੋਂ ਸਿਰਸਾ ਲੋਕ ਸਭਾ ਦੀਆਂ ਪੰਜ ਵਿਧਾਨ ਸਭਾਵਾਂ ਤੇ ਆਪਣੇ ਉਮੀਦਵਾਰ ਖੜੇ ਕਰਨ ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ ਲੋਕ ਸਭਾ ਉਮੀਦਵਾਰਾਂ ਦੀ ਚੋਣਾ ਸਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਬਹੁਜਨ ਪਾਰਟੀ ਦਾ ਲੋਕਾਂ ਵਿਚ ਆਪਣਾ ਵਿਸੇਸ਼ ਅਧਾਰ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭੂਸ਼ਨ ਕੁਮਾਰ ਤੇ ਜ਼ਿਲ੍ਹਾ ਇੰਚਾਰਜ ਪ੍ਰੇਮ ਰਾਠੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਉਮੀਦਵਾਰਾਂ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ।ਸੂਬਾ ਸਕੱਤਰ ਲੀਲੂਰਾਮ ਆਸਖੇੜਾ ਦੀ ਮੌਜੂਦਗੀ 'ਚ ਸਿਰਸਾ ਲੋਕ ਸਭਾ ਦੇ ਹਲਕਾ ਕਾਲਾਂਵਾਲੀ, ਚੌਟਾਲਾ, ਡੱਬਵਾਲੀ, ਰਾਣੀਆਂ, ਏਲਨਾਬਾਦ, ਚੌਪਾਟਾ ਆਦਿ 'ਚ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਭਲਕੇ ਫਤਿਹਾਬਾਦ ਦੀ ਜਾਟ ਧਰਮਸ਼ਾਲਾ ਚ ਮੀਟਿੰਗ ਹੋਵੇਗੀ, ਜਿਸ ਵਿੱਚ ਹਰਿਆਣਾ, ਪੰਜਾਬ, ਹਿਮਾਚਲ ਤੋਂ ਕੇਂਦਰੀ ਇੰਚਾਰਜ ਰਣਧੀਰ ਸਿੰਘ ਬੈਣੀਵਾਲ, ਸੂਬਾ ਇੰਚਾਰਜ ਸੁਮੇਰ ਸਿੰਘ ਜਾਂਗੜਾ, ਸੂਬਾ ਪ੍ਰਧਾਨ ਰਾਜਬੀਰ ਸੋਰਖੀ ਸ਼ਿਰਕਤ ਕਰਕੇ ਵਰਕਰਾਂ ਦੀ ਰਾਏ ਜਾਨਣ ਉਪਰੰਤ ਪਾਰਟੀ ਉਮੀਦਵਾਰ ਐਲਾਨੇ ਜਾਣਗੇ।

ਮੈਕਰੋ ਗਲੋਬਲ ਸਟੱਡੀ ਵੀਜ਼ਾ ਬਣਿਆ ਲੋਕਾਂ ਦੀ ਪਹਿਲੀ ਪਸੰਦ : ਡੱਲਾ

ਮੋਗਾ (ਇਕਬਾਲ ਸਿੰਘ ਖਹਿਰਾ)-ਆਈਲਟਸ ਦੀ ਕੋਚਿੰਗ ਤੇ ਸ਼ਾਨਦਾਰ ਇਮੀਗ੍ਰੇਸ਼ਨ ਸੇਵਾਵਾਂ ਦੇਣ ਨਾਲ ਮੈਕਰੋ ਗਲੋਬਲ ਗਰੁੱਪ ਆਫ਼ ਇੰਸਟੀਚਿਊਟ ਪੰਜਾਬ ਦੀ ਮੰਨੀ ਪ੍ਰਮੰਨੀ ਸੰਸਥਾ ਬਣ ਚੁੱਕੀ ਹੈ। ਮੈਕਰੋ ਗਲੋਬਲ ਵਿੱਚ ਧੜਾਧੜ ਵੀਜ਼ੇ ਆਉਣ ਕਾਰਨ ਮੋਗਾ ਦਫਤਰ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਮੈਕਰੋ ਗਲੋਬਲ ਦੇ ਐੱਮ ਡੀ ਗੁਰਮਿਲਾਪ ਸਿੰਘ ਡੱਲਾ ਨੇ ਦੱਸਿਆ ਕਿ ਸੰਸਥਾ ਵੱਲੋਂ ਅਨਮੋਲਪ੍ਰੀਤ ਕੌਰ ਨਿਵਾਸੀ ਪਿੰਡ ਮੱਦੋਕੇ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕੀਤਾ ਹੈ। ਸੰਸਥਾ ਸਟਾਫ ਨੇ ਅਨਮੋਲਪ੍ਰੀਤ ਕੌਰ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਸੰਸਥਾ ਵੱਲੋਂ ਵਿਜ਼ਟਰ ਤੇ ਸੁਪਰ ਵੀਜ਼ਾ ਵੀ ਅਪਲਾਈ ਕੀਤਾ ਜਾਂਦਾ ਹੈ।

ਔਰਤਾਂ ਲਈ ਕਿੱਤਾ-ਮੁਖੀ ਕੋਰਸ ਸ਼ੁਰੂ

ਤਲਵੰਡੀ ਸਾਬੋ (ਜਗਦੀਪ ਗਿੱਲ)-ਸਥਾਨਕ ਕੇ.ਵੀ.ਕੇ. ਵੱਲੋਂ ਕੱਪੜਿਆਂ ਦੀ ਵੱਖ-ਵੱਖ ਰਵਾਇਤੀ ਤੇ ਨਵੀਨ ਤਕਨੀਕਾਂ ਨਾਲ ਸਜਾਵਟ ਕਰਕੇ ਕੀਮਤ 'ਚ ਵਾਧਾ ਕਰਨ ਸਬੰਧੀ 4 ਅਪ੍ਰੈਲ 2024 ਤੋਂ 22 ਅਪ੍ਰੈਲ 2024 ਤੱਕ ਦਸ ਦਿਨਾਂ ਸਿਖਲਾਈ ਕੋਰਸ ਸ਼ੁਰੂ ਕੀਤਾ ਗਿਆ, ਜਿਸ ਦਾ ਉਦਘਾਟਨ ਡਿਪਟੀ ਡਾਇਰੈਕਟਰ ਕੇ.ਵੀ.ਕੇ. ਡਾ. ਗੁਰਦੀਪ ਸਿੰਘ ਸਿੱਧੂ ਨੇ ਕੀਤਾ।ਇਸ ਦੌਰਾਨ ਡਾ. ਸਿੱਧੂ ਨੇ ਬੀਬੀਆਂ ਨੂੰ ਕਿੱਤਾ ਮੁਖੀ ਸਿਖਲਾਈ ਲੈ ਕੇ ਆਪਣਾ ਕੰਮ ਸ਼ੁਰੂ ਕਰਨ ਲਈ ਪ੍ਰੇਰਿਆ, ਤਾਂ ਜੋ ਉਨ੍ਹਾਂ ਨੂੰ ਆਪਣੇ ਘਰ ਬੈਠੇ ਹੀ ਕੋਈ ਆਮਦਨ ਦਾ ਵਸੀਲਾ ਮਿਲ ਸਕੇ ਤੇ ਉਹ ਆਪਣੇ ਪੈਰਾਂ 'ਤੇ ਖੜੀਆਂ ਹੋ ਸਕਣ।ਇਸ ਮੌਕੇ ਕੋਆਰਡੀਨੇਟਰ ਪ੍ਰੋ. ਜਸਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਇਸ ਸਿਖਲਾਈ ਕੋਰਸ ਦੇ ਸਮੇਂ ਦੌਰਾਨ ਕੱਪੜਿਆਂ ਦੀ ਸਿਲਾਈ, ਕਢਾਈ, ਪੇਂਟਿੰਗ, ਟਾਈਡਾਈ ਤੇ ਕੁਇਲਟਿੰਗ ਦੀਆਂ ਵੱਖ-ਵੱਖ ਤਕਨੀਕਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।

ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ

ਮੂਨਕ (ਰਾਜਪਾਲ ਸਿੰਗਲਾ)-ਸ਼ਹਿਰ ਦੇ ਬਿ

7-APRIL-PAGE-5.qxd 4/6/2024 10:52 PM Page 1

ਸਰਬ ਭਾਰਤ ਨੌਜਵਾਨ ਸਭਾ ਦਾ ਡੈਲੀਗੇਟ ਅਜਲਾਸ ਸੰਪੰਨ

■ ਕੁਲਦੀਪ ਬਖੂਸ਼ਾਹ ਬਲਾਕ ਪ੍ਰਧਾਨ ਤੇ ਸੀਤਾ ਸਿੰਘ ਤੇਜਾ ਰੁਹੇਲਾ ਬਣੇ ਸਕੱਤਰ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਸਰਬ ਭਾਰਤ ਨੌਜਵਾਨ ਸਭਾ ਬਲਾਕ ਫਾਜ਼ਿਲਕਾ ਦਾ ਡੈਲੀਗੇਟ ਅਜਲਾਸ ਸਥਾਨਕ ਬਾਬਾ ਵਧਾਵਾ ਰਾਮ ਭਵਨ ਵਿਖੇ ਸਾਥੀ ਕੁਲਦੀਪ ਬਖੂਸ਼ਾਹ, ਸੀਤਾ ਸਿੰਘ ਤੇਜਾ ਰੁਹੇਲਾ ਤੇ ਕਿਰਨਦੀਪ ਕੌਰ ਨਵਾਂ ਮੁੰਬਾਕੇ 'ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਇਸ ਡੈਲੀਗੇਟ ਅਜਲਾਸ ਵਿੱਚ ਵੱਖ-ਵੱਖ ਬਰਾਂਚਾਂ ਤੋਂ ਚੁਣੇ ਹੋਏ ਡੈਲੀਗੇਟਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਡੈਲੀਗੇਟ ਅਜਲਾਸ ਦਾ ਉਦਘਾਟਨ ਕੁੱਲ ਹਿੰਦ ਕਿਸਾਨ ਸਭਾ ਤੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਰਿੰਦਰ ਢੰਡੀਆਂ ਨੇ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾਈ ਸੀਨੀਅਰ ਮੀਤ ਪ੍ਰਧਾਨ ਸਾਥੀ ਹੰਸ ਰਾਜ ਗੋਲਡਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਥੀ ਢੰਡੀਆਂ ਤੇ ਗੋਲਡਨ ਨੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਵਿੱਚ ਲੋਕ ਹਿੱਤਾਂ ਦੀ ਰਾਖੀ ਕਰਨ ਲਈ ਨੌਜਵਾਨਾਂ ਨੂੰ ਰਾਜਸੀ ਤੇ ਸਮਾਜਿਕ ਤੌਰ 'ਤੇ ਚੇਤਨ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿੱਚ ਸਰਮਾਏਦਾਰ ਪੱਖੀ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੋਂ ਲੋਕਾਂ ਦਾ ਲਗਾਤਾਰ ਵਿਸ਼ਵਾਸ ਉਠਦਾ ਜਾ ਰਿਹਾ ਹੈ।ਦੇਸ਼ ਦੀ ਜਵਾਨੀ ਹੀ ਇੱਕ ਨਵੇਂ ਰੂਪ ਵਿੱਚ ਸੱਚਾਈ ਤੇ ਇਮਾਨਦਾਰੀ ਨਾਲ ਸਮਾਜਵਾਦ ਦੀ ਸਥਾਪਨਾ ਲਈ ਅਹਿਮ ਰੋਲ ਅਦਾ ਕਰ ਸਕਦੀ ਹੈ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦਾ ਮੈਂਬਰ ਬਣਨਾ ਤੇ ਉਸ ਤੋਂ ਉਪਰੰਤ ਬੁਲਾਰੇ ਬਣ ਕੇ ਆਗੂ ਦੀ ਭੂਮਿਕਾ ਨਿਭਾਉਣਾ ਇੱਕ ਅਹਿਮ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਨੌਜਵਾਨਾਂ ਦਾ ਦੇਸ਼ ਹੈ, ਪ੍ਰੰਤੂ ਇਸ ਦੇਸ਼ ਵਿੱਚ ਬੇਰੁਜ਼ਗਾਰੀ ਕਾਰਨ ਸਭ ਤੋਂ ਵੱਧ ਨੌਜਵਾਨ ਪ੍ਰੇਸ਼ਾਨ ਹਨ।ਉਨ੍ਹਾਂ ਮੌਜੂਦਾ ਦੌਰ ਵਿੱਚ ਦੇਸ਼ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਵਿੱਚ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਦੇਸ਼ ਦੇ ਕਮੇਟੀ ਦੀ ਚੋਣ ਕੀਤੀ ਗਈ।ਚੁਣੀ ਗਈ ਬਲਾਕ ਕਮੇਟੀ ਵੱਲੋਂ ਸਾਥੀ ਕੁਲਦੀਪ ਬਖੂਸ਼ਾਹ ਨੂੰ ਸਰਬ ਭਾਰਤ ਨੌਜਵਾਨ ਸਭਾ ਬਲਾਕ ਫਾਜ਼ਿਲਕਾ ਦਾ ਪ੍ਰਧਾਨ, ਸੀਤਾ ਸਿੰਘ ਤੇਜਾ ਰੁਹੇਲਾ ਨੂੰ ਬਲਾਕ ਸਕੱਤਰ, ਕਰਮਵਾਰ ਮੀਤ ਪ੍ਰਧਾਨ ਕਿਰਨਦੀਪ ਕੌਰ ਤੇ ਰਾਜਨ ਹਸਤਾ ਕਲਾਂ, ਕਰਮਵਾਰ ਮੀਤ ਸਕੱਤਰ ਨੀਰਜ ਕੌਰ ਫਾਜ਼ਿਲਕਾ ਤੇ ਰਾਜਵਿੰਦਰ ਨੌਲਾ ਕਰਾਂਗੇ ਤੇ ਗੁਰਬਚਨ ਸੈਦੇ ਕਾ ਖਜ਼ਾਨਚੀ ਚੁਣੇ ਗਏ। ਇਸ ਮੌਕੇ ਯੂ ਕੇ ਤੋਂ ਆਏ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਸਾਥਕਾ ਆਗੂ ਦਰਸ਼ਨ ਸਿੰਘ ਮੁਰਾਦ ਦਲ ਸਿੰਘ ਵਾਲਾ ਨੇ ਨਵੇਂ ਚੁਣੇ ਹੋਏ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹੁਣ ਦੇਸ਼ ਨੂੰ ਚਲਾਉਣ ਲਈ ਅਸਲੀ ਇੰਨਕਲਾਬੀ ਨੌਜਵਾਨਾਂ ਦੀ ਲੋੜ ਹੈ।ਇਸ ਡੈਲੀਗੇਟ ਅਜਲਾਸ ਨੂੰ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਖਰੈਤ ਬੱਗੇ ਕੇ ਤੇ ਸੀਨੀਅਰ ਆਗੂ ਗੁਰਦਿਆਲ ਸਿੰਘ ਨੇ ਵੀ ਸੰਬੋਧਨ ਕੀਤਾ।

ਪੁਸਤਕ ਗੋਸ਼ਟੀ ਤੇ ਕਵੀ ਦਰਬਾਰ ਮਾਹਿਲਪੁਰ 'ਚ 10 ਨੂੰ

ਲੁਧਿਆਣਾ (ਐੱਮ ਐੱਸ ਭਾਟੀਆ)-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਦੇ ਸਹਿਯੋਗ ਨਾਲ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ 10 ਅਪ੍ਰੈਲ ਨੂੰ ਸਵੇਰੇ 11 ਵਜੇ ਗਦਰੀ ਬਾਬਾ ਹਰਜਾਪ ਸਿੰਘ ਮੈਮੋਰੀਅਲ ਕਨਵੈਨਸ਼ਨ ਹਾਲ ਵਿਖੇ ਪੁਸਤਕ ਗੋਸ਼ਟੀ ਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਉਪਰੋਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਮੌਕੇ ਸ੍ਰੀ ਕੁਲਵਿੰਦਰ ਦੀ ਪੁਸਤਕ 'ਸ਼ਾਮ ਦੀ ਸ਼ਾਖ' 'ਤੇ ਗੋਸ਼ਟੀ ਕਰਵਾਈ ਜਾ ਰਹੀ ਹੈ।ਪੁਸਤਕ 'ਤੇ ਖੋਜ-ਪੱਤਰ ਡਾ. ਹਰਪ੍ਰੀਤ ਸਿੰਘ ਤੇ ਡਾ. ਸ਼ਮਸ਼ੇਰ ਮੋਹੀ ਪੇਸ਼ ਕਰਨਗੇ।ਬਹਿਸ ਦਾ ਆਰੰਭ ਡਾ. ਜਗਵਿੰਦਰ ਜੋਧਾ ਕਰਨਗੇ।ਸਮਾਗਮ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਸੁਰਜੀਤ ਜੱਜ ਕਰਨਗੇ ਤੇ ਸ੍ਰੀ ਸੁਲੱਖਣ ਸਰਹੱਦੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।ਪ੍ਰਧਾਨਗੀ ਮੰਡਲ ਵਿੱਚ ਡਾ. ਸਾਂਵਲ ਧਾਮੀ, ਸ੍ਰੀ ਅਜਮੇਰ ਸਿੱਧੂ ਤੇ ਡਾ. ਪਰਵਿੰਦਰ ਸਿੰਘ ਸ਼ਾਮਲ ਹੋਣਗੇ।

ਇਸ ਮੌਕੇ ਨਛੱਤਰ ਸਿੰਘ ਭੋਗਲ ਦੀ ਪੁਸਤਕ 'ਜੀਵਨ ਧਾਰਾ' ਲੋਕ ਅਰਪਣ ਕੀਤੀ ਜਾਵੇਗੀ।ਸਮਾਗਮ ਦੇ ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ. ਗੁਰਚਰਨ ਕੌਰ ਕੋਚਰ, ਮਦਨ ਵੀਰਾ, ਨਵਤੇਜ ਗੜ੍ਹਦੀਵਾਲਾ, ਜਸਵੀਰ ਝੱਜ ਕਰਨਗੇ। ਇਸ ਸੈਸ਼ਨ ਵਿੱਚ ਕਵੀ ਦਰਬਾਰ ਕਰਵਾਇਆ ਜਾਵੇਗਾ।ਪੰਜਾਬੀ ਸਾਹਿਤ ਅਕਾਦਮੀ ਦੇ ਸਕੱਤਰ ਸਰਗਰਮੀਆਂ ਡਾ. ਹਰੀ ਸਿੰਘ ਜਾਚਕ ਤੇ ਦਫ਼ਤਰ ਸਕੱਤਰ ਸ੍ਰੀ ਜਸਵੀਰ ਝੱਜ ਨੇ ਅਕਾਦਮੀ ਵੱਲੋਂ ਸਮੂਹ ਪੰਜਾਬੀ ਪਿਆਰਿਆਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਹੈ।

ਬੀ ਡੀ ਪੀ ਓ ਦਫ਼ਤਰ ਵਿਖੇ ਮਜ਼ਦੂਰ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)-ਦਿਹਾਤੀ ਮਜ਼ਦੂਰ ਸਭਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਵੱਲੋਂ ਸੂਬਾ ਕਮੇਟੀ ਦੇ ਸੱਦੇ ਅਨੁਸਾਰ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਰੋਸ ਪ੍ਰਦਰਸ਼ਨ ਕਰ ਕੇ ਹੱਕੀ ਮੰਗਾਂ ਲਈ ਮੰਗ ਪੱਤਰ ਕਰਮਚਾਰੀਆਂ ਨੂੰ ਦਿੱਤਾ ਗਿਆ।ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਆਰ ਐੱਮ ਪੀ ਆਈ ਦੇ ਪ੍ਰਧਾਨ ਡਾਕਟਰ ਅਮਰਜੀਤ ਸਿੰਘ, ਕਾਮਰੇਡ ਖੁਸ਼ੀਆ ਸਿੰਘ ਬਰਨਾਲਾ, ਕਾਮਰੇਡ ਪ੍ਰਕਾਸ਼ ਸਿੰਘ ਸੱਦੋਵਾਲ, ਮਨਰੇਗਾ ਯੂਨੀਅਨ ਤੋਂ ਪਰਮਜੀਤ ਕੌਰ ਗੁੰਮਟੀ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ 10 ਸਾਲ ਦੇ ਰਾਜ ਦੌਰਾਨ ਮਹਿੰਗਾਈ ਦਰ ਦੇ ਵਾਧੇ ਮੁਤਾਬਿਕ ਮਨਰੇਗਾ ਮਜ਼ਦੂਰੀ ਵਿੱਚ ਵਾਧਾ ਨਹੀਂ ਕੀਤਾ।ਇਸ ਤੋਂ ਇਲਾਵਾ ਮਨਰੇਗਾ ਫੰਡਾਂ ਨੂੰ ਵਧਾਉਣ ਦੀ ਬਜਾਏ ਫੰਡਾਂ ਨੂੰ ਹਰ ਸਾਲ ਘਟਾਇਆ ਜਾ ਰਿਹਾ ਹੈ, ਜਿਸ ਕਰ ਕੇ ਮਜ਼ਦੂਰਾਂ ਨੂੰ ਪੂਰਾ ਸਾਲ ਕੰਮ ਨਹੀਂ ਮਿਲਦਾ।ਆਗੂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਵੀ ਕੇਂਦਰ ਦੇ ਰਾਹ ਤੁਰ ਰਹੀ ਹੈ, ਅਫ਼ਸਰਸ਼ਾਹੀ ਵੱਲੋਂ ਨਰੇਗਾ ਮਜ਼ਦੂਰਾਂ ਦੇ ਮਸਟਰੋਲ ਕੱਢਣ, ਐਸਟੀਮੇਟ ਤਿਆਰ ਕਰਨ ਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਿੱਚ ਵੀ ਪੱਖਪਾਤੀ ਰਵੱਈਆ ਅਪਣਾਇਆ ਜਾਂਦਾ ਹੈ। ਮਜ਼ਦੂਰ ਆਗੂ ਪਰਮਜੀਤ ਕੌਰ ਗੁੰਮਟੀ ਨੇ ਬਲਾਕ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਸਿਆਸੀ ਦਬਾਅ ਹੇਠ ਪਿੰਡਾਂ ਦੇ ਮੇਟ ਬਦਲ ਨਵੇਂ ਮੇਟ ਲਗਾਉਣ ਦੀ ਨਿੰਦਾ ਸਖ਼ਤ ਸ਼ਬਦਾਂ ਵਿੱਚ ਕੀਤੀ।ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਮੀਰ ਪ੍ਰਧਾਨ ਸਾਧੂ ਸਿੰਘ ਛੀਨੀਵਾਲ, ਜਰਨਲ ਸਕੱਤਰ ਹੈਪੀ ਸਿੰਘ ਛੀਨੀਵਾਲ ਕਲਾਂ, ਦਰਸ਼ਨ ਸਿੰਘ ਬਾਹਮਣੀਆਂ, ਬਲੌਰ ਸਿੰਘ ਕੁਤਬਾ, ਮਹਿੰਦਰ ਸਿੰਘ ਧਨੇਰ, ਰੂੜਾ ਸਿੰਘ ਹਰਦਾਸਪੁਰਾ, ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਮੀਤ ਪ੍ਰਧਾਨ ਕੌਰ ਸਿੰਘ, ਸਵਰਨ ਕੌਰ ਗੁਰਮੀਤ ਸਿੰਘ ਪੰਡੋਰੀ ਆਦਿ ਆਗੂਆਂ ਨੇ ਮਜ਼ਦੂਰਾਂ ਦੀ ਦਿਹਾੜੀ 700 ਪ੍ਰਤੀ ਦਿਨ ਕਰਨ ਤੇ 5 ਲੱਖ ਰੁਪਏ ਦੀ ਬੀਮਾ ਸਕੀਮ ਲਾਗੂ ਕਰਨ ਦੀ ਮੰਗ ਕੀਤੀ ਗਈ।

ਇਸ ਸਮੇਂ ਪੰਚਾਇਤ ਅਫ਼ਸਰ ਗੁਰਮੇਲ ਸਿੰਘ ਬਰਨਾਲਾ ਤੇ ਨਰੇਗਾ ਜੇ. ਈ. ਇੰਦਰਜੀਤ ਸਿੰਘ ਨੇ ਮਜ਼ਦੂਰਾਂ ਦੇ ਧਰਨੇ ਵਿੱਚ ਪੁੱਜ ਕੇ ਆਗੂਆਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਤੇ ਮੰਗਾਂ ਦੀ ਪੂਰਤੀ ਲਈ ਭਰੋਸਾ ਦਿੱਤਾ।ਇਸ ਮੌਕੇ ਅੰਗਰੇਜ਼ ਸਿੰਘ ਕਲਾਲਾ, ਗੁਰਮੇਲ ਸਿੰਘ ਕਲਾਲ ਮਾਜਰਾ, ਰੂਪ ਸਿੰਘ ਸ਼ਹਿਣਾ, ਈਸਰ ਸਿੰਘ ਲੋਹਗੜ੍ਹ, ਦਰਸ਼ਨ ਸਿੰਘ ਨਰਾਇਣਗੜ੍ਹ ਸੋਹੀਆਂ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਸਰਕਾਰੀ ਹਸਪਤਾਲ ਦੀ ਛੱਤ ਤੋਂ ਖ਼ੂਨ ਨਾਲ ਲੱਥਪੱਥ ਲਾਸ਼ ਬਰਾਮਦ

ਪਰਵਾਰ ਨੇ ਕਤਲ ਦਾ ਪ੍ਰਗਟਾਇਆ ਖਦਸ਼ਾ

ਨਾਭਾ (ਵਰਿੰਦਰ ਵਰਮਾ)-ਨਾਭਾ ਦੇ ਸਰਕਾਰੀ ਹਸਪਤਾਲ ਦੀ ਛੱਤ 'ਤੇ ਖ਼ੂਨ ਨਾਲ ਸਨੀ ਜੋਰਾਵਰ ਸਿੰਘ ਉਰਫ਼ ਸ਼ੰਟੀ ਸਾਲਾਂ (40) ਪੁੱਤਰ ਘਮੰਡਾ ਸਿੰਘ ਵਾਸੀ ਜਸਪਾਲ ਕਲੋਨੀ ਨਾਭਾ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਪਰਿਵਾਰ ਮੁਤਾਬਕ ਕੋਈ ਨੌਜਵਾਨ ਕੱਲ੍ਹ ਸ਼ਾਮ 3 ਵਜੇ ਤੋਂ ਉਸ ਨੂੰ ਫੋਨ ਕਰਕੇ ਆਪਣੇ ਨਾਲ ਲੈ ਗਿਆ ਸੀ ਤੇ ਉਸ ਵਕਤ ਤੋਂ ਹੀ ਮ੍ਰਿਤਕ ਨੌਜਵਾਨ ਦਾ ਮੋਬਾਇਲ ਬੰਦ ਆ ਰਿਹਾ ਸੀ।ਮ੍ਰਿਤਕ ਨੌਜਵਾਨ ਵਿਆਹਿਆ ਹੋਇਆ ਸੀ ਅਤੇ ਦੋ ਉਸ ਦੇ ਛੋਟੇ ਛੋਟੇ ਬੱਚੇ ਵੀ ਹਨ।ਇਸ ਘਟਨਾ ਤੋਂ ਬਾਅਦ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੋ ਗਿਆ।ਮ੍ਰਿਤਕ ਦੇ ਪਿਤਾ ਘਮੰਡਾ ਸਿੰਘ ਮੁਤਾਬਕ ਉਨ੍ਹਾਂ ਦਾ ਪੁੱਤਰ ਕੱਲ੍ਹ ਤੋਂ ਘਰੋਂ ਲਾਪਤਾ ਸੀ ਤੇ ਦੁਪਹਿਰ ਬਾਅਦ 3 ਵਜੇ ਤੋਂ ਬਾਅਦ ਉਸ ਨੇ ਫੋਨ ਵੀ ਨਹੀਂ ਚੁੱਕਿਆ।ਸ਼ੰਟੀ ਦੀਆਂ ਦੋਨਾਂ ਬਾਵਾਂ ਤੇ ਮੂੰਹ ਵਿੱਚੋਂ ਖ਼ੂਨ ਨਿਕਲ ਰਿਹਾ ਸੀ ਅਤੇ ਸੱਟਾਂ ਦੇ ਨਿਸ਼ਾਨ ਉਸ ਦੇ ਸਰੀਰ 'ਤੇ ਸਨ। ਮ੍ਰਿਤਕ ਦੇ ਪਿਤਾ ਨੇ ਦੋਸ਼ ਲਗਾਇਆ ਕਿ ਜੋ ਨੌਜਵਾਨ ਉਸ ਨੂੰ ਲੈ ਕੇ ਗਿਆ ਸੀ, ਉਸ ਨੇ ਹੀ ਕਤਲ ਕੀਤਾ ਹੈ।ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ ਹੈ।ਇਸ ਮਾਮਲੇ ਸਬੰਧੀ ਨਾਭਾ ਕੋਤਵਾਲੀ ਦੇ ਇੰਚਾਰਜ ਗੁਰਪ੍ਰੀਤ ਸਿੰਘ ਸਮਰਾਓਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਦੱਸਿਆ ਕਿ ਮਾਮਲਾ ਦਰਜ ਕਰ ਸ਼ੱਕੀ ਦੋਸ਼ੀ ਗ੍ਰਿਫ਼ਤਾਰ ਕਰ ਲਿਆ ਹੈ, ਪੜਤਾਲ ਕਰਨ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾ ਕਿਹਾ ਕਿ ਮ੍ਰਿਤਕ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਪਾਏ ਗਏ ਹਨ, ਅਸੀਂ ਗੰਭੀਰਤਾ ਨਾਲ ਇਸ ਦੀ ਜਾਂਚ ਕਰ ਰਹੇ ਹਾਂ।

ਮ੍ਰਿਤਕ ਜੋਰਾਵਰ ਸਿੰਘ ਉਰਫ਼ ਸ਼ੰਟੀ ਦੀ ਫਾਈਲ ਫੋਟੋ।

ਕਾਤਰਾਂ

ਸਾਲਾਨਾ ਦੰਗਲ ਮੇਲਾ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪ੍ਰਾਚੀਨ ਚੇਤ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਚੇਤ ਚੌਦੇ ਦਾ ਸਾਲਾਨਾ ਦੰਗਲ ਮੇਲਾ 7 ਅਪ੍ਰੈਲ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪਾਰਕ, ਨੇੜੇ ਪੁਰਾਣੀ ਸਬਜ਼ੀ ਮੰਡੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਸੁਖਦੇਵ ਸਿੰਘ ਬਿੱਟੂ, ਰਾਕੇਸ਼ ਕੁਮਾਰ ਛਿੰਦੀ, ਧਰਮਵੀਰ ਧੰਮੀ, ਅਵਤਾਰ ਸਿੰਘ ਤਾਰੀ ਤੇ ਹੈਪੀ ਪਹਿਲਵਾਨ ਨੇ ਦੱਸਿਆ ਕਿ 7 ਅਪ੍ਰੈਲ ਨੂੰ ਸਵੇਰ ਸਮੇਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਸ਼ਾਮ ਨੂੰ ਸਿਰਫ ਸੱਦੇ ਹੋਏ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਜੇਤੂ ਪਹਿਲਵਾਨਾਂ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਜਾਵੇਗਾ ਤੇ ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਜਾਣਗੇ।

44 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਦੋ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੋ ਵੱਖ-ਵੱਖ ਮਾਮਲਿਆਂ ਵਿੱਚ ਥਾਣਾ ਅਮਲੋਹ ਤੇ ਸਰਹੰਦ ਮੰਡੀ ਚੌਕੀ ਦੀ ਪੁਲਸ ਵੱਲੋਂ 44 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਰਹੰਦ ਮੰਡੀ ਚੌਕੀ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਭਗਤ ਸਿੰਘ ਕਲੋਨੀ ਸਰਹੰਦ ਮੰਡੀ ਵਿਖੇ ਰਹਿੰਦਾ ਵਿਜੇ ਕੁਮਾਰ ਉਰਫ ਡੱਡੂ ਨਜਾਇਜ਼ ਸ਼ਰਾਬ ਵੇਚ ਰਿਹਾ ਹੈ, ਜਿਸ ਨੂੰ ਕਾਬੂ ਕੀਤਾ ਜਾ ਸਕਦਾ ਹੈ।ਪੁਲਿਸ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਵਿਜੇ ਉਰਫ ਡੱਡੂ ਦੇ ਕਬਜ਼ੇ ਵਿੱਚੋਂ 20 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਣ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਕੇਸ ਦਰਜ ਕਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਇੱਕ ਹੋਰ ਮਾਮਲੇ ਵਿੱਚ ਅਮਲੋਹ ਦੀ ਦਾਣਾ ਮੰਡੀ ਵਿਖੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸਹਾਇਕ ਥਾਣੇਦਾਰ ਮਾਨ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਦੀਪਕ ਕੁਮਾਰ ਵਾਸੀ ਅਮਲੋਹ ਦੇ ਕਬਜ਼ੇ ਵਾਲੇ ਥੈਲੇ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਵਿੱਚੋਂ 24 ਬੋਤਲਾਂ ਸ਼ਰਾਬ ਬਰਾਮਦ ਹੋਈ।ਇਸ ਸਬੰਧੀ ਥਾਣਾ ਅਮਲੋਹ ਵਿਖੇ ਕੇਸ ਦਰਜ ਕਰ ਦੀਪਕ ਕੁਮਾਰ ਨੂੰ ਗ੍ਰਿਫ਼ਤਾਰ

page-6-7-April.-2024-(SM).qxd 4/6/2024 10:47 PM Page 1

ਅਸਲਾ ਧਾਰਕ ਆਪਣਾ ਅਸਲਾ ਨੇੜਲੇ ਗੰਨ ਹਾਊਸ ਜਾਂ ਥਾਣੇ 'ਚ ਜਮ੍ਹਾ ਕਰਵਾਉਣ : ਥਾਣਾ ਮੁਖੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਲੋਕ ਸਭਾ ਚੋਣਾਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ ਲਈ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ ।ਉਕਤ ਸ਼ਬਦਾਂ ਦਾ ਪ੍ਰਗਟਾਵਾ ਥਾਣਾ ਕੱਚਾ ਪੱਕਾ ਦੇ ਮੁੱਖੀ ਸਬ ਇੰਸਪੈਕਟਰ ਗੁਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਕਮ-ਜ਼ਿਲ੍ਹਾ ਚੋਣ ਅਫਸਰ ਸੰਦੀਪ ਕੁਮਾਰ, ਜ਼ਿਲ੍ਹਾ ਪੁਲਸ ਮੁਖੀ ਅਸ਼ਵਨੀ ਕਪੂਰ ਤੇ ਸਬ ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਦੀਆਂ ਸਖਤ ਹਦਾਇਤਾਂ ਅਨੁਸਾਰ ਥਾਣਾ ਕੱਚਾ ਪੱਕਾ ਅਧੀਨ ਆਉਂਦੇ ਪਿੰਡਾਂ ਦੇ ਅਸਲਾ ਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਛੇਤੀ ਤੋਂ ਛੇਤੀ ਆਪਣਾ ਅਸਲਾ ਨੇੜਲੇ ਗੰਨ ਹਾਊਸ ਜਾਂ ਥਾਣੇ ਅੰਦਰ ਜਮ੍ਹਾ ਕਰਵਾਉਣ ।ਉਨ੍ਹਾਂ ਕਿਹਾ ਕਿ ਜੇਕਰ ਅਸਲਾ ਧਾਰਕ ਇਨ੍ਹਾਂ ਹਦਾਇਤਾਂ ਅਨੁਸਾਰ ਆਪਣਾ ਅਸਲਾ ਜਮ੍ਹਾ ਨਹੀਂ ਕਰਵਾਉਂਦੇ ਤਾਂ ਚੋਣ ਜ਼ਾਬਤੇ ਦੀ ਉਲੰਘਣਾ ਤਹਿਤ ਅਸਲਾ ਧਾਰਕ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਨ ਉਪਰੰਤ ਅਸਲਾ ਧਾਰਕ ਦੇ ਲਾਇਸੰਸ ਨੂੰ ਕੈਂਸਲ ਕਰਨ ਦੀ ਸਿਫਾਰਿਸ਼ ਕੀਤੀ ਜਾਵੇਗੀ।

ਦਿਲਜੀਤ ਸਿੰਘ ਬੇਦੀ ਵੱਲੋਂ ਅਸਤੀਫਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਅਧਾਰਤ ਬਣੀ ਸੇਵਾਮੁਕਤ ਕਰਮਚਾਰੀ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਸੇਵਾਮੁਕਤ ਕਰਮਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਨੂੰ ਭੇਜੇ ਅਸਤੀਫੇ ਵਿੱਚ ਕੰਮ ਕਰਨ ਦੀ ਅਸਮਰਥਾ ਪ੍ਰਗਟਾਈ ਹੈ।ਉਨ੍ਹਾਂ ਲਿਖਿਆ ਕਿ ਮੇਰਾ ਅੱਜ ਤੋਂ ਅਸਤੀਫਾ ਪ੍ਰਵਾਨ ਸਮਝਿਆ ਜਾਵੇ।

ਡਾ. ਸੁਖਦੀਪ ਸਿੰਘ ਔਲਖ ਨੂੰ ਸਦਮਾ, ਸੱਸ ਦਾ ਦਿਹਾਂਤ

ਚੋਹਲਾ ਸਾਹਿਬ (ਰਮਨ ਚੱਢਾ)-ਡਾ. ਸੁਖਦੀਪ ਸਿੰਘ ਔਲਖ ਨੂੰ ਉਸ ਸਮੇਂ ਗਹਿਰਾ ਸਦਮ ਪਹੁੰਚਿਆ ਜਦ ਉਨ੍ਹਾਂ ਦੀ ਸੱਸ ਮਨਜੀਤ ਕੌਰ ਵਾਸੀ ਢੋਟੀਆਂ ਜ਼ਿਲ੍ਹਾ ਤਰਨ ਤਾਰਨ ਦਾ ਅਚਾਨਕ ਦਿਹਾਂਤ ਹੋ ਗਿਆ। ਡਾ. ਸੁਖਦੀਪ ਸਿੰਘ ਔਲਖ ਨੇ ਦੱਸਿਆ ਕਿ ਉਨ੍ਹਾਂ ਦੀ ਸੱਸ ਅਚਾਨਕ ਵਿਛੋੜਾ ਦੇ ਗਏ ਹਨ। ਦੁਖੀ ਪਰਿਵਾਰ ਨਾਲ ਬਲਰਾਜ ਸਿੰਘ, ਹਰਮਨਦੀਪ ਕੌਰ, ਖੁਸ਼ਬੀਰ ਸਿੰਘ, ਅਮਨਦੀਪ ਕੌਰ ਇਟਲੀ, ਮਾਸਟਰ ਜਗਜੀਤ ਸਿੰਘ, ਰਮਨਦੀਪ ਕੌਰ ਦਦੇਹਰ ਸਾਹਿਬ, ਰਾਜਵਿੰਦਰ ਕੌਰ, ਸਰਪੰਚ ਮਨਦੀਪ ਸਿੰਘ ਸਹਿਬਾਜਪੁਰ, ਕਵਲਜੀਤ ਕੌਰ ਸ਼ਹਿਬਾਜਪੁਰ, ਦਿਲਬਾਗ ਸਿੰਘ ਅਤੇ ਜਗਦੀਪ ਸਿੰਘ ਪਵਾਰ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਸ਼ਕਤੀ ਪੰਪਸ ਨੇ ਕਿਊ ਆਈ ਪੀ ਤੋਂ 200 ਕਰੋੜ ਕਮਾਏ

ਜਲੰਧਰ : ਭਾਰਤ ਵਿੱਚ ਸੋਲਰ ਪੰਪ ਅਤੇ ਮੋਟਰ ਬਣਾਉਣ ਵਾਲੀ ਵਿਸ਼ਵ ਦੀ ਪ੍ਰਮੁੱਖ ਕੰਪਨੀ ਸ਼ਕਤੀ ਪੰਪ (ਇੰਡੀਆ) ਲਿਮਟਿਡ ਨੇ ਕੁਆਲੀਫਾਈਡ ਇੰਸਟੀਚਿਊਸ਼ਨਲ ਪਲੇਸਮੈਂਟ (ਕਿਊਆਈਪੀ) ਰਾਹੀਂ ਸਫਲਤਾਪੂਰਵਕ 200 ਕਰੋੜ ਰੁਪਏ ਇਕੱਠੇ ਕੀਤੇ ਹਨ।ਕਿਊਆਈਪੀ ਇਸ਼ੂ ਵਿੱਚ ਨਿਵੇਸ਼ਕਾਂ ਨੇ ਕਾਫ਼ੀ ਦਿਲਚਸਪੀ ਦਿਖਾਈ ਅਤੇ ਇਸ ਨੂੰ ਦੋ ਵੱਡੇ ਮਿਊਚੁਅਲ ਫੰਡਾਂ- ਐੱਲਆਈਸੀ ਮਿਊਚੁਅਲ ਫੰਡ ਅਤੇ ਐੱਸਬੀਆਈ ਮਿਊਚੁਅਲ ਫੰਡ ਦੁਆਰਾ ਪੂਰੀ ਤਰ੍ਹਾਂ ਸਬਸਕ੍ਰਾਈਬ ਕੀਤਾ ਗਿਆ।ਇਨ੍ਹਾਂ ਵੱਡੇ ਫੰਡ ਹਾਊਸਾਂ ਦੁਆਰਾ ਕੀਤਾ ਗਿਆ ਇਹ ਨਿਵੇਸ਼ ਸੋਲਰ ਪੰਪ ਉਦਯੋਗ ਦੀ ਵਿਕਾਸ ਸਮਰੱਥਾ ਅਤੇ ਉਦਯੋਗ ਵਿੱਚ ਸ਼ਕਤੀ ਪੰਪ ਦੀ ਮੋਹਰੀ ਸਥਿਤੀ ਨੂੰ ਦਰਸਾਉਂਦਾ ਹੈ।ਸੋਲਰ ਪੰਪ ਉਦਯੋਗ ਵਿੱਚ ਵਿਕਾਸ ਦੀਆਂ ਅਥਾਹ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਿਊਆਈਪੀ ਤੋਂ ਜੁਟਾਏ ਗਏ ਪੈਸੇ ਦਾ ਇੱਕ ਵੱਡਾ ਹਿੱਸਾ ਰਣਨੀਤਕ ਰੂਪ ਵਿੱਚ ਪੰਪ/ਮੋਟਰ, ਇਨਵਰਟਰ/ਵੀਐੱਫਡੀ ਅਤੇ ਢਾਂਚੇ ਦੀ ਸਮਰੱਥਾ ਨੂੰ ਵਧਾਉਣ ਵਿੱਚ ਲਗਾਇਆ ਜਾਵੇਗਾ।

ਬੇਦਖਲੀ ਨੋਟਿਸ

ਮੈਂ, ਪੂਰਨ ਦੇਵੀ ਪਤਨੀ ਲੇਟ ਗੁਰਬਚਨ ਦਾਸ ਵਾਸੀ ਮਕਾਨ ਨੰ. 350/5 ਸੰਗਲਪੁਰਾ ਰੋਡ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੁਭਾਸ਼ ਚੰਦਰ ਅਤੇ ਉਸ ਦੀ ਪਤਨੀ ਸੁਦੇਸ਼ ਕੁਮਾਰੀ, ਜੋ ਕਿ ਨਬੀਪੁਰ ਕਲੋਨੀ ਗੁਰਦਾਸਪੁਰ ਵਿਖੇ ਆਪਣੇ ਘਰ 'ਚ ਰਹਿ ਰਹੇ ਹਨ ਅਤੇ ਮੇਰੀ ਲੜਕੀ ਵੰਦਨਾ ਕੁਮਾਰੀ, ਜੋ ਜਲੰਧਰ ਰਹਿ ਰਹੀ ਹੈ। ਉਕਤ ਤਿੰਨੋਂ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਗਲ ਸਿੰਘ ਪੁੱਤਰ ਧਰਮ ਸਿੰਘ ਵਾਸੀ ਪਿੰਡ ਮੱਦੋਵਾਲ, ਡਾਕਖਾਨਾ ਸਾਹੋਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਅਮਰ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

Change of Name

I, Sofia Kandyara Nee Sofia W/o Rohit Kumar R/o Berian Mohalla, Dina Nagar, Gurdaspur, Punjab, have changed my name from Sofia Kandyara Nee Sofia to Sofia Kandyara in all purpose.

Public Notice

I, Kiran Devi w/o NarinderGirihas lost Sale Deed No. 5202 dated 01.10.2009 relating to House No. NA-242 (Property No B1-2650/A) measuring 2 Marla 165 Sq. Feet) situated at Kishan Pura, Tehsil and Distt. Jalanahdar. I along with Ajit Kumar Giri and Ranjish Kumar is is availing a Loan Facility from M/s. S.K. Finance Limited and same is required for this loan. If anyone have any objection or have found before said Sale Deed. DDR in respect of which is also lodged. He can contact Lalit Kakkar, Advocate on his Mobile No. 9876107449.

PUBLIC NOTICE

This is to inform the general public that I, Sanjay Vig son of Sh. Naresh Kumar Vig resident of House No.685, 2, Jawahar Nagar, Partap Bazar, Amritsar, am owner in actual physical possession of the property i.e. One property having length 36 ft 6 inch, breadth 21 ft 9 inch, total area measuring 88 sq. yards, which is bounded by(as per sale deed) North: balwinder Singh, south: property of Bohle, East: Vacant Plot, west: Street 15 ft wide out of which 7 1/2 ft area has been left from abovesaid area, bearing Khara No. 2936/598/3 Min, situated at Village Wadali Guru Urban, Abadi Jawahar Nagar, Sub-Division No.2, Tehsil and District Amritsar on the basis of sale deed dated 17.11.2003 duly registered with the office of sub-registrar, Amritsar vide Document No.8994, Book no.1, Volume No 1794 at Page 9394.The previous general Power of attorney dated 17.01.2003 registered vide Document No. 3464. Book No.4, Volume No.539 at Page 93 executed by Ashok Kumar son of Sh. Chanda Lal in favour of S. Inderjit Singh son of S. Kuldeep Singh in respect of abovesaid property has been lost from me on 31.03.2024 and a DDR vide G.D. No.035 Dated 05.04.2024 has been lodged in this regard with Police Station Chheharta. No Loan etc. has been taken from any bank from any bank/financial institution or private person against said General Power of Attorney nor the same is involved in any Court Case/Litigation.

Court Notice

(U/o 5 Rule 20 CPC)
In the Court of
Ms. Renuka Kalra
Civil Judge (Junior Division)-18, Jalandhar
CNR No. PBJL-02-003965-2023
Next Date : 18.04.2024

Bank of Baroda a Body corporate incorporated under the Banking companies (Acquisition and transfer of undertaking) Act, 1969, having its head office at vadodara, Gujarat and its corporate office at mumbai and having its Branchs amongst all over india inter alia at Nehra Garden Road, Jalandhar City Represented by its Branch Manager and Power of attorney holder, Mr. Singh Ikvinder Pal

Vs

Harpreet Singh S/o Avtar Singh R/o H.No. 277, Raja Garden, Basti Peer Daad, Jalandhar

Suit for grant of decree for Recovery of Rs. alongwith interest prayed for.

Publication issued to : Harpreet Singh, Father : Avtar Singh R/o H.No. 277, Raja Garden Basti Peer Daad, Jalandhar also at M/s Master Tyres Mai Hiran Gate Bazar Jalandhar also at R/o 5, Green Enclave, Vill. Daun, SAS Nagar, Mohali.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.04.2024 at 10:00 A.M.

For details logon to https://high-courtchd.gov.in/?trs=district notice&district= Jalandhar

Civil Judge (Junior Division)-18, Jalandhar
Dated this day of 20-03-2024

COURT NOTICE

(U/o 5 Rule 20 CPC)
In the Court of
Ms. Prabhjot Kaur,
Additional Civil Judge (Senior Division), Hoshiarpur
CNR NO. PBHO 02-001541-2023
Next Date : 02-05-2024

DAV College Managing Committee Hoshiarpur having its office in the Premises of DAV Senior Secondary, Bazaar Vakilan Hoshiarpur, through its authorized signatory Sham Sunder Sharma S/o Amar Nath Sharma. Plaintiff

Vs.

Harkamal Deep Kaur D/o Gurdev Singh Saini now W/o Jaswant Singh, presently working as a teached in Govt. Senior Secondary Mehlanwali, Tehsil and Distt. Hoshiarpur and ors. Defendants

Suit for Permanent Injunction

Publication Issued to : 1. Ramandeep Kaur Saini D/o Gurdev Singh Saini now W/o Kulwant Singh, At Present Working as teached in Government School Bagpur Sataur, Tehsil and Distt. Hoshiarpur, 2. Gagandeep Kaur D/o Late Gurdev Singh Saini, R/o Village Bassi Purani, Hoshiarpur.

In above titled case, the defendents could not be served. It is ordered that defendant should appear in person or throgh counsel on 02-05-2024 at 10.00 a.m.

For details logon to https://high-courtchd.gov.in/?trs=district_notice&district=Hoshiarpur.

Additional Civil Judge (Senior Division), Hoshiarpur.
Dated, this day of 01-04-2024

COURT NOTICE

(U/o 5 Rule 20 CPC)
In the Court of
Ms. Prabhjot Kaur,
Additional Civil Judge (Senior Division), Hoshiarpur
CNR No. PBHO 02-001541-2023
Next Date : 02-05-2024

DAV College Managing Committee Hoshiarpur having its office in the Premises of DAV Senior Secondary, Bazaar Vakilan Hoshiarpur, through its authorized signatory Sham Sunder Sharma S/o Amar Nath Sharma.

—Applicant

Vs.

Harkamal Deep Kaur D/o Gurdev Singh Saini now W/o Jaswant Singh, presently workig as a teached in Govt. Senior Secondary Mehlanwali, Tehsil and Distt. Hoshiarpur and ors. Respondents

Application U/s 13 of East Punjab Urban Rent Restriction Act 1949

Publication Issued to : 1. Ramandeep Kaur Saini D/o Gurdev Singh Saini now W/o Kulwant Singh, At Present Working as teached in Government School Bagpur Sataur, Tehsil and Distt. Hoshiarpur, 2. Gagandeep Kaur D/o Late Gurdev Singh Saini, R/o Village Bassi Purani, Hoshiarpur.

In above titled case, the respondents could not be served. It is ordered that defendants should appear in person or throgh counsel on 02-05-2024 at 10.00 a.m.

For details logon to https://high-courtchd.gov.in/?trs=district_notice&district=Hoshiarpur.

Additional Civil Judge (Senior Division), Hoshiarpur.

ਅਮਰੀਕ ਰਾਮ ਨੂੰ ਦਿਹਾਤੀ ਯੂਥ ਵਿੰਗ ਦਾ ਪ੍ਰਧਾਨ ਥਾਪਿਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਭਗਵਾਨ ਵਾਲਮੀਕਿ ਸੰਘਰਸ਼ ਦਲ ਦੀ ਇੱਕ ਵਿਸ਼ੇਸ਼ ਮੀਟਿੰਗ ਸਰਬਜੀਤ ਸਿੰਘ ਫਤਿਹਪੁਰ ਰਾਜਪੂਤਾਂ, ਪ੍ਰਧਾਨ ਮਜ਼ਦੂਰ ਸੈੱਲ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਪੰਜਾਬ ਚੇਅਰਮੈਨ ਹਰਦੀਸ਼ ਸਿੰਘ ਭੰਗਾਲੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸਰਪੰਚ ਅਮਰੀਕ ਰਾਮ ਨਾਜੋਵਾਲੀ ਨੂੰ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਯੂਥ ਵਿੰਗ ਦਾ ਪ੍ਰਧਾਨ ਥਾਪਿਆ ਗਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਅਮਰੀਕ ਰਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਜੋਬਨਪ੍ਰੀਤ ਸਿੰਘ ਨਵਾਂ ਪਿੰਡ, ਗੁਲਜ਼ਾਰ ਸਿੰਘ, ਹੈਪੀ, ਪ੍ਰਧਾਨ ਧਰਮ ਪ੍ਰਚਾਰ ਕਮੇਟੀ ਬਾਬਾ ਰਣਜੀਤ ਸਿੰਘ, ਧਰਮ ਸਿੰਘ, ਬਾਬਾ ਰਾਜਬੀਰ ਸਿੰਘ, ਤਰਲੋਕ ਸਿੰਘ, ਅਵਤਾਰ ਸਿੰਘ, ਜੁਝਾਰ ਸਿੰਘ ਮਲਕਪੁਰ, ਅਜੀਤ ਰਾਮ, ਮੈਂਬਰ ਸਰਬਜੀਤ ਸਿੰਘ, ਤਰਸੇਮ ਸਿੰਘ, ਡੀਪੂ ਹੋਲਡਰ ਅਜੀਤ ਰਾਮ, ਬਲਵਿੰਦਰ ਰਾਮ, ਸਾਹਬੀ ਰਾਮ, ਪ੍ਰੇਮ ਰਾਮ, ਰਣਬੀਰ ਸਿੰਘ ਰਾਣਾ, ਡਾ. ਪਵਨਦੀਪ ਸਿੰਘ ਨਿਜ਼ਾਮਪੁਰ, ਸ਼ਿਬੂ, ਸਾਜਨ ਸਿੰਘ, ਕੁਲਦੀਪ ਸਿੰਘ, ਗੁਰਸੇਵਕ ਸਿੰਘ, ਕਾਲੂ ਨਵਾਂ ਪਿੰਡ, ਲਾਲੀ ਨਵਾਂ ਪਿੰਡ ਆਦਿ ਹਾਜ਼ਰ ਸਨ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਜਲੰਧਰ।

ਕੇਸ ਨੰਬਰ 440/ਐੱਫ ਟੀ ਸੀ, ਐੱਨ ਆਰ ਆਈਜ਼ — ਕੇਸ ਅਨੁਵਾਨ : ਬਲਵੀਰ ਸਿਘ ਅਤੇ ਹੋਰ ਬਨਾਮ ਛਿੰਦੋ ਅਤੇ ਹੋਰ
ਖੇਵਟ : 59, 62, 63 — ਵਾਕਿਆ ਪਿੰਡ : ਸ਼ਾਦੀਪੁਰ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ (1) ਬਲਵੀਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਹਾਲ ਵਾਸੀ 26 Sagebrook Road, Brampton, Ontario, Canada, L6P-2Y5 (2) ਸਵਰਨ ਸਿੰਘ ਉਮਰ ਤਕਰੀਬਨ 55 ਸਾਲ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਹਾਲ ਵਾਸੀ 26 Sagebrook Road, Brampton, Ontario, Canada, L6P-2Y5 (Applicant)

V/S

ਨੋਟਿਸ ਬਨਾਮ-(1) ਛਿੰਦੋ ਪੁੱਤਰੀ ਦਰਸ਼ਨ ਸਿਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (2) ਮਿੰਦਰ ਪੁੱਤਰੀ ਦਰਸ਼ਨ ਸਿੰਘ ਪੁੱਤਰ ਠਾਕਰ ਸਿੰਘ, ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (3) ਸੋਵਾ ਸਿੰਘ ਪੁੱਤਰ ਉਜਾਗਰ ਸਿਘ ਪੁੱਤਰ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (4) ਮੇਵਾ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (5) ਹਰਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (6) ਮਨਿੰਦਰ ਸਿੰਘ ਪੁੱਤਰ ਹਰਜਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ (7) ਸੰਤੋਖ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (8) ਜੋਗਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (9) ਜਸਵੰਤ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਠਾਕਰ ਸਿੰਘ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (10) ਹਰਬੰਸ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (11) ਗੁਰਬਚਨ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (12) ਗਿਆਨ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (13) ਗੁਰਮੀਤ ਕੌਰ ਉਰਫ ਗੁਰਜਿਆਣ ਸਿੰਘ ਵਿਧਵਾ ਗੁਲਜ਼ਾਰ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (14) ਪਿਆਰਾ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (15) ਕੁਲਵਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਸ਼ਾਦੀਪੁਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ। (16) ਕੇਨਰਾ ਬੈਂਕ, ਬਰਾਂਚ ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਮਾਰਫਤ ਇਸ ਦੇ ਮੈਨੇਜਰ। (17) ਪੰਜਾਬ ਐਂਡ ਸਿਧ ਬੈਂਕ ਬ੍ਰਾਂਚ ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਮਾਰਫਤ ਇਸ ਦੇ ਮੈਨੇਜਰ। (ਰਿਸਪਾਡੈਂਸ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ

7-APR-PAGE-7.qxd 4/6/2024 10:47 PM Page 1

ਜੱਲੋਵਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 23 ਵਿਦਿਆਰਥੀ ਸਨਮਾਨਤ

ਹੁਸ਼ਿਆਰਪੁਰ, ਮੇਹਟੀਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ) ਪਿੰਡ ਜੱਲਵਾਲ ਵਿਖੇ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲ ਦਾ ਛੇਵੀਂ ਤੋਂ ਗਿਆਰਵੀਂ ਜਮਾਤ ਤੱਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਅੱਵਲ ਆਏ 23 ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਸੁਖਦੇਵ ਸਿੰਘ ਐਨ ਆਰ ਆਈ ਅਤੇ ਗੁਰਚਰਨ ਸਿੰਘ ਐਨ ਆਰ ਆਈ ਵੀਰਾਂ ਵੱਲੋਂ ਯਾਦਗਾਰ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਅਧਿਆਪਕ ਹਰਵਿੰਦਰ ਸਿੰਘ ਨੇ ਦੱਸਿਆ ਕਿ ਛੇਵੀਂ ਕਲਾਸ ਵਿੱਚੋਂ ਨਮਰਤਾ ਸੁਮਨ ਪਹਿਲੇ ਸਥਾਨ 'ਤੇ, ਸੋਰਬ ਸਾਗਰ ਦੂਜੇ ਸਥਾਨ 'ਤੇ, ਸੋਨਮ ਤੀਜੇ ਸਥਾਨ 'ਤੇ ਰਹੇ।ਇਸੇ ਤਰ੍ਹਾਂ ਸੱਤਵੀਂ ਦੇ ਜਸਮੀਤ ਕੌਰ ਪਹਿਲੇ ਸਥਾਨ 'ਤੇ, ਹਰਜਾਪ ਜੱਸਲ ਦੂਜੇ ਸਥਾਨ 'ਤੇ, ਸੁਭਮ ਤੀਜੇ ਸਥਾਨ 'ਤੇ ਰਹੇ ।ਨੌਂਵੀਂ ਏ ਦਾ ਪਹਿਲੇ ਸਥਾਨ 'ਤੇ ਹਰਦੀਪ ਕੌਰ ਤੇ ਪ੍ਰੀਆ ,ਸਿਮਰਨ ਦੂਜੇ ਸਥਾਨ 'ਤੇ, ਰਾਧਿਕਾ ਤੀਜੇ ਸਥਾਨ 'ਤੇ ਰਹੇ । ਨੌਂਵੀਂ ਬੀ ਪਨੀਤ ਕੁਮਾਰ ਪਹਿਲੇ ਸਥਾਨ ਤੇ, ਰਾਮਪਾਲ ਦੂਜੇ ਸਥਾਨ ਤੇ, ਰਾਜਪ੍ਰੀਤ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਗਿਆਰਵੀਂ ਕਲਾਸ ਅਮਰਤਾ ਸੁਮਨ ਪਹਿਲੇ ਸਥਾਨ ਤੇ, ਗਗਨਦੀਪ ਕੌਰ ਦੂਜੇ ਸਥਾਨ ਤੇ ਮਮਤਾ ਤੀਜੇ ਸਥਾਨ ਤੇ ਰਹੀ।ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਪਹਿਲੇ ਦੂਜੇ ਤੀਜੇ ਅਸਥਾਨ ਤੇ ਆਉਣ ਵਾਲੇ 23 ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਕੇ ਸਨਮਾਨਿਤ ਕੀਤਾ ਗਿਆ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਘੇ ਸਮਾਜ ਸੇਵਕ ਕੁਲਵੰਤ ਸਿੰਘ ਸੈਣੀ ਜੱਲੋਵਾਲ, ਸਰਪੰਚ ਬਲਜੀਤ ਸਿੰਘ ਸਰਪੰਚ, ਬਲਦੇਵ ਸਿੰਘ, ਹਰਬੰਸ ਸਿੰਘ, ਹਰਵਿੰਦਰ ਸਿੰਘ, ਭੁਪਿੰਦਰ ਪਾਲ, ਤਰਨਜੀਤ ਸਿੰਘ, ਬਲਦੇਵ ਕੁਮਾਰ, ਅਸ਼ੋਕ ਕੁਮਾਰ, ਬਲਵਿੰਦਰ ਕੁਮਾਰ, ਸਰਬਜੀਤ ਸਿੰਘ, ਪਰਮਜੀਤ ਸਿੰਘ, ਬਨੀਤਾ ਕੌਸ਼ਲ, ਪਰਵੀਨ ਕੁਮਾਰੀ, ਅਮਨਦੀਪ ਕੌਰ, ਬਲਵਿੰਦਰ ਕੌਰ, ਸੁਨੀਤਾ ਦੇਵੀ, ਰਣਜੀਤ ਕੌਰ, ਅਮਨਦੀਪ ਕੌਰ ਆਦਿ ਹਾਜਰ ਸਨ।

ਜਲੰਧਰ ਹਾਈਟਸ 3, ਅਰਬਾਨਾ, ਸਕਾਈ ਵਿਲਾ ਤੇ ਜਲੰਧਰ ਹਾਈਟਸ 2 ਸੈਮੀਫਾਈਨਲ 'ਚ ਪਹੁੰਚੇ

ਜਲੰਧਰ (ਰਾਜੇਸ਼ ਥਾਪਾ) ਅਰਬਾਨਾ, ਸਕਾਈ ਵਿਲਾ, ਜਲੰਧਰ ਹਾਈਟਸ 3 ਅਤੇ ਜਲੰਧਰ ਹਾਈਟਸ 2 ਏਜੀਆਈ ਕ੍ਰਿਕਟ ਲੀਗ 2024 ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਪਹੁੰਚ ਗਏ ਹਨ ਜੋ ਕਿ ਜਲੰਧਰ ਹਾਈਟਸ 1 ਦੇ ਟੀ ਬਲਾਕ ਕ੍ਰਿਕੇਟ ਮੈਦਾਨ ਵਿੱਚ ਚੱਲ ਰਿਹਾ ਹੈ।ਪਹਿਲੇ ਮੈਚ ਵਿੱਚ ਅਰਬਾਨਾ ਕ੍ਰਿਕਟ ਟੀਮ ਨੇ ਜਲੰਧਰ ਹਾਈਟਸ 1, ਨੂੰ 8 ਵਿਕਟਾਂ ਨਾਲ ਹਰਾਇਆ। ਅਰਬਾਨਾ ਨੇ 1 ਵਿਕਟ 'ਤੇ 138 ਦੌੜਾਂ ਅਤੇ ਜਲੰਧਰ ਹਾਈਟਸ 1 ਨੇ 4 ਵਿਕਟਾਂ ਦੇ ਨੁਕਸਾਨ ਨਾਲ 135 ਦੌੜਾਂ ਬਣਾਈਆਂ।ਅਰਬਾਨਾ ਦੇ ਪ੍ਰਣਵ ਮਹਾਜਨ ਨੇ 29 ਗੇਂਦਾਂ ਵਿੱਚ 14 ਛੱਕਿਆਂ ਦੀ ਮਦਦ ਨਾਲ ਸਭ ਤੋਂ ਵੱਧ 95 ਦੌੜਾਂ ਬਣਾਈਆਂ। ਜਲੰਧਰ ਹਾਈਟਸ 1 ਦੇ ਕੁਲਜਿੰਦਰ ਸਿੰਘ ਨੇ 34 ਗੇਂਦਾਂ ਵਿੱਚ 6 ਚੌਕਿਆਂ ਅਤੇ 7 ਛੱਕਿਆਂ ਦੀ ਮਦਦ ਨਾਲ 77 ਦੌੜਾਂ ਬਣਾਈਆਂ। ਜਲੰਧਰ ਹਾਈਟਸ 1 ਦੇ ਓਂਕਾਰ ਅਰੋੜਾ ਨੇ 12 ਗੇਂਦਾਂ ਵਿੱਚ ਚਾਰ ਛੱਕਿਆਂ ਦੀ ਮਦਦ ਨਾਲ 30 ਦੌੜਾਂ ਬਣਾਈਆਂ।ਦੂਜੇ ਮੈਚ ਵਿੱਚ ਸਕਾਈ ਵਿਲਾ ਨੇ ਜਲੰਧਰ ਹਾਈਟਸ 2 ਨੂੰ 22 ਦੌੜਾਂ ਨਾਲ ਹਰਾਇਆ। ਸਕਾਈ ਵਿਲਾ ਨੇ 5 ਵਿਕਟਾਂ 'ਤੇ 132 ਦੌੜਾਂ ਬਣਾਈਆਂ ਅਤੇ ਜਲੰਧਰ ਹਾਈਟਸ 2 ਨੇ 6 ਵਿਕਟਾਂ 'ਤੇ 110 ਦੌੜਾਂ ਬਣਾਈਆਂ।ਜਲੰਧਰ

ਹਾਈਟਸ 2 ਦੇ ਨਿਖਿਲ ਵਰਮਾ 25 ਗੇਂਦਾਂ 'ਤੇ 2 ਚੌਕਿਆਂ ਅਤੇ 6 ਛੱਕਿਆਂ ਦੀ ਮਦਦ ਨਾਲ 55 ਦੌੜਾਂ ਬਣਾ ਕੇ ਸਭ ਤੋਂ ਵੱਧ ਸਕੋਰਰ ਬਣੇ। ਸਕਾਈ ਵਿਲਾਸ ਦੇ ਦਿਨੇਸ਼ ਨੇ 21 ਗੇਂਦਾਂ ਵਿੱਚ 1 ਚੌਕੇ ਅਤੇ 6 ਛੱਕਿਆਂ ਦੀ ਮਦਦ ਨਾਲ 46 ਦੌੜਾਂ ਬਣਾਈਆਂ।ਸਕਾਈ ਵਿਲਾ ਦੇ ਚੰਦਨ ਵਢੇਰਾ ਨੇ 16 ਗੇਂਦਾਂ ਵਿੱਚ 1 ਚੌਕੇ ਅਤੇ 6 ਛੱਕਿਆਂ ਦੀ ਮਦਦ ਨਾਲ 42 ਦੌੜਾਂ ਬਣਾਈਆਂ।ਜਲੰਧਰ ਹਾਈਟਸ 1 ਦੇ ਵੱਡੀ ਗਿਣਤੀ ਨਿਵਾਸੀਆਂ ਨੇ ਆਪਣੇ ਪਿਆਰਿਆਂ ਦੀ ਸੰਗਤ ਵਿੱਚ ਦੋਵੇਂ ਮੈਚਾਂ ਦਾ ਖੂਬ ਆਨੰਦ ਮਾਣਿਆ, ਜਿੰਨ੍ਹਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਪੌਸ਼ਟਿਕ ਕੁਲਚਾ, ਪਾਵ ਭਾਜੀ, ਚਾਹ ਆਦਿ ਨਾਲ ਪਰੋਸਿਆ ਗਿਆ।

ਐੱਮ ਐੱਸ ਕੇ ਡੇ ਬੋਰਡਿੰਗ ਸਕੂਲ ਵਿਖੇ ਪੜ੍ਹਾਈ 'ਚੋਂ ਅੱਵਲ ਆਏ ਵਿਦਿਆਰਥੀ ਸਨਮਾਨਤ

ਟਾਂਡਾ ਉੜਮੜ, (ਉਂਕਾਰ)- ਬੀਤੇ 13 ਸਾਲਾਂ ਤੋਂ ਵਿਦਿਆ ਖੇਤਰ ਵਿੱਚ ਬੋਰਡ ਕਲਾਸਾਂ ਦੇ ਸੌ ਫੀਸਦੀ ਨਤੀਜੇ ਦੇ ਕੇ ਵੱਡਾ ਨਾਂਅ ਕਮਾ ਚੁੱਕੀ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਬੀਤੇ ਵਰ੍ਹੇ ਹੋਈ ਪ੍ਰੀਖਿਆ ਵਿੱਚੋਂ ਅੱਵਲ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਕੀਤੀ ਜਦੋਂ ਕਿ ਜਗਜੀਵਨ ਜੱਗੀ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਸਰਪ੍ਰਸਤੀ ਹੇਠ ਆਯੋਜਿਤ ਇਸ ਸਮਾਰੋਹ ਦੇ ਆਰੰਭ ਵਿੱਚ ਸਕੂਲ ਵਿਦਿਆਰਥਨ ਯਸ਼ਿਕਾ ਨੰਦਾ ਨੇ ਸਕੂਲ ਦੇ ਬਾਰੇ ਵਿੱਚ ਆਪਣੇ ਸਕਾਰਾਤਮਕ ਵਿਚਾਰ ਪ੍ਰਗਟ ਕੀਤੇ ਜਿਸ ਉਪਰੰਤ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਸਕੂਲ ਦੀਆਂ ਪ੍ਰਾਪਤੀਆਂ ਤੇ ਰੋਸ਼ਨੀ ਪਾਈ। ਇਸੇ ਤਰ੍ਹਾਂ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਕੂਲਾਂ ਅੰਦਰ ਮਾਂ ਬੋਲੀ ਪੰਜਾਬੀ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਵੀ ਲੋੜੀਂਦੇ ਜਤਨ ਕੀਤੇ ਜਾਣੇ ਚਾਹੀਦੇ ਹਨ । ਉਹਨਾਂ ਕਿਹਾ ਕਿ ਭਾਵੇਂ ਕੁਝ ਕੁ ਸਕੂਲਾਂ ਵੱਲੋਂ ਇਸ ਗੱਲ ਨੂੰ ਅਣਦੇਖਿਆ ਕਰਕੇ ਬੱਚਿਆਂ ਨੂੰ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨਾਲੋਂ ਤੋੜਿਆ ਜਾ ਰਿਹਾ ਹੈ ਪਰੰਤੂ ਉਹਨਾਂ ਦੀ ਸੰਸਥਾ ਵੱਲੋਂ ਜਿੱਥੇ ਵਿਦਿਆਰਥੀਆਂ ਨੂੰ ਗਿਆਨ ਵਿਗਿਆਨ ਅਤੇ ਲੜੀਂਦੇ ਵਿਦਿਅਕ ਗਿਆਨ ਨੂੰ ਦਿੱਤਾ ਜਾਂਦਾ ਹੈ ਉਥੇ ਆਪਣੇ ਵਿਰਸੇ ਪ੍ਰਤੀ ਵੀ ਜਾਗਰੂਕ ਕਰਵਾਇਆ ਜਾਂਦਾ ਹੈ ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਪੱਖ ਨੂੰ ਹਮੇਸ਼ਾ ਆਪਣੇ ਧਿਆਨ ਵਿੱਚ ਰੱਖਣ ਕਿ ਬੱਚੇ ਆਪਣੇ ਧਰਮ ਅਤੇ ਸਮਾਜ ਨਾਲ ਜੁੜੇ ਰਹਿਣ। ਮੁੱਖ ਮਹਿਮਾਨ ਜਗਜੀਵਨ ਜੱਗੀ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਉਥੇ ਉਹਨਾਂ ਸਕੂਲ ਦੀਆਂ ਪ੍ਰਾਪਤੀਆਂ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਉਨਾਂ ਕਿਹਾ ਕਿ ਮੈਂ ਇਸ ਸਕੂਲ ਦੇ ਬਹੁਤ ਸਾਰੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੁੰਦਾ ਰਿਹਾ ਹਾਂ ਅਤੇ ਮੈਨੂੰ ਖੁਸ਼ੀ ਹੈ ਕਿ ਸਕੂਲ ਦੇ ਵਿਦਿਆਰਥੀ ਹਰ ਪੱਖ ਵਿੱਚ ਅੱਗੇ ਵੱਧ ਰਹੇ ਹਨ। ਇਸ ਮੌਕੇ ਉਨਾਂ ਨਰਸਰੀ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਅਵਲ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਉਹਨਾਂ ਨੂੰ ਹੋਰ ਮਿਹਨਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਹਨਾਂ ਨਾਲ ਆਪ ਆਗੂ ਅਵਤਾਰ ਸਿੰਘ ਤਾਰੀ, ਸੰਜੀਵ ਸ਼ਰਮਾ, ਜਸਪ੍ਰੀਤ ਸਿੰਘ ਜੱਸੀ ਵੀ ਹਾਜ਼ਰ ਸਨ। ਸਕੂਲ ਸਟਾਫ ਵਿੱਚ ਮੈਡਮ ਨਰਿੰਦਰ ਕੌਰ, ਅਮਨਦੀਪ ਸਿੰਘ, ਰਜਨੀ ਬਾਲਾ, ਰਜਿੰਦਰ ਕੌਰ, ਗੁਰਸ਼ਰਨ ਕੌਰ, ਪ੍ਰਭਜੋਤ ਕੌਰ, ਤੇ ਹੋਰ ਹਾਜ਼ਰ ਸਨ। ਮੰਚ ਦਾ ਸੰਚਾਲਨ ਮੈਡਮ ਬਵਿਤਾ ਸ਼ਰਮਾ ਅਤੇ ਗੁਰਪ੍ਰੀਤ ਕੌਰ ਨੇ ਕੀਤਾ।

ਚੌਂਡਾ ਜਠੇਰਿਆਂ ਦਾ ਮੇਲਾ ਭਲਕੇ

ਫਗਵਾੜਾ (ਜਸਵਿੰਦਰ ਢੱਡਾ)-ਚੌਂਡਾ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 8 ਅਪ੍ਰੈਲ ਦਿਨ ਸੋਮਵਾਰ ਨੂੰ ਨੇੜੇ ਰਾਜਨੀ ਮਾਤਾ ਮੰਦਰ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੈਂਬਰ ਰਾਜਿੰਦਰ ਸਿੰਘ ਚੌਂਡਾ ਚਾਚੋਕੀ (ਫਗਵਾੜਾ) ਨੇ ਦੱਸਿਆ ਕਿ ਉਸ ਦਿਨ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।

ਖਟਕੜ ਕਲਾਂ ਧਰਨਾ ਦੇਣਾ ਸ਼ਹੀਦਾਂ ਦਾ ਅਪਮਾਨ : ਅਰਵਿੰਦ ਖੰਨਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਦਿੱਲੀ ਸ਼ਰਾਬ ਘੁਟਾਲੇ ਦੇ ਦੋਸ਼ੀ ਕੇਜਰੀਵਾਲ ਦੇ ਪੱਖ ਵਿੱਚ ਖਟਕੜ ਕਲਾਂ ਵਿਖੇ ਭੁੱਖ ਹੜਤਾਲ ਕਰਨਾ ਗੈਰ ਵਾਜਿਬ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦਾ ਅਪਮਾਨ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਖੰਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਜੰਤਰ-ਮੰਤਰ ਦੀ ਪੈਦਾਇਸ਼ ਹੈ ਅਤੇ ਇਸ ਨੂੰ ਆਪਣੇ ਆਕਾ ਦੇ ਪੱਖ ਵਿੱਚ ਧਰਨਾ ਵੀ ਯੰਤਰ ਮੰਤਰ ਤੇ ਲਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੌਜਵਾਨਾਂ ਦੇ ਪ੍ਰੇਰਨਾ ਸਰੋਤ ਹਨ ਜਦਕਿ ਕੇਜਰੀਵਾਲ ਨੌਜਵਾਨਾਂ ਨੂੰ ਇੱਕ ਬੋਤਲ ਨਾਲ ਇੱਕ ਬੋਤਲ ਮੁਫ਼ਤ ਦੇਣ ਦੇ ਦੋਸ਼ਾਂ ਅਧੀਨ ਗ੍ਰਿਫ਼ਤਾਰ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਮਾਫੀਆ ਨੂੰ ਖਟਕੜ ਕਲਾਂ ਦੀ ਪਵਿੱਤਰ ਧਰਤੀ ਨੂੰ ਅਪਵਿੱਤਰ ਨਹੀਂ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਆਪ ਦਾ ਧਰਨਿਆਂ ਨਾਲ ਗਹਿਰਾ ਰਿਸ਼ਤਾ ਹੈ, ਪਰ ਧਰਨਾ ਲਾਉਣਾ ਹੀ ਹਰ ਸਮੱਸਿਆ ਦਾ ਹੱਲ ਨਹੀਂ ਹੁੰਦਾ। ਉਹਨਾਂ ਕਿਹਾ ਕਿ ਕੇਜਰੀਵਾਲ ਸ਼ਰਾਬ ਮਾਫੀਆ ਦੇ ਕੇਸ ਵਿੱਚ ਜੇਲ੍ਹ ਗਏ ਸਨ ਅਤੇ ਆਮ ਆਦਮੀ ਪਾਰਟੀ ਪੰਜਾਬ ਇਕਾਈ ਦੇ ਆਗੂ ਖਾਸ ਕਰ ਮੁੱਖ ਮੰਤਰੀ ਭਗਵੰਤ ਮਾਨ ਕਾਨੂੰਨੀ ਲੜਾਈ ਲੜਨ ਨਾ ਕਿ ਪੰਜਾਬ ਨੂੰ ਦਿੱਲੀ ਵਾਂਗ ਧਰਨਿਆਂ ਦੀ ਰਾਜਧਾਨੀ ਨਾ ਬਣਾਉਣ।

ਮੁਸਕਾਨ ਨੂੰ ਮਿਲੀ ਨੌਕਰੀ

ਜਲੰਧਰ, (ਉੱਭੀ)- ਸੇਂਟ ਸੋਲਜਰ ਮੈਨੇਜਮੈਂਟ ਐਂਡ ਟੈਕਨੀਕਲ ਇੰਸਟੀਚਿਊਟ, ਜਲੰਧਰ ਤੋਂ ਬੀ.ਕਾਮ ਦੀ ਵਿਦਿਆਰਥਣ ਮੁਸਕਾਨ ਨੂੰ ਡੈਨਸੋ ਹਰਿਆਣਾ ਪ੍ਰਾਈਵੇਟ ਲਿਮਟਿਡ ਵਿਚ 5 ਲੱਖ ਰੁਪਏ ਸਾਲਾਨਾ ਦੇ ਪੈਕੇਜ 'ਤੇ ਮੈਨੇਜਮੈਂਟ ਕਰਮਚਾਰੀ (ਉਤਪਾਦਨ ਕੰਟਰੋਲ ਵਿਭਾਗ) ਵਜੋਂ ਨੌਕਰੀ ਮਿਲੀ ਹੈ। ਕਾਲਜ ਪ੍ਰਿੰਸੀਪਲ ਡਾ. ਰੋਹਨ ਸ਼ਰਮਾ ਨੇ ਕਿਹਾ ਕਿ ਮੁਸਕਾਨ ਆਪਣੀ ਪੜ੍ਹਾਈ ਪ੍ਰਤੀ ਬਹੁਤ ਸਮਰਪਿਤ ਹੈ, ਉਹ ਕਾਲਜ ਦੀਆਂ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਵੀ ਸਰਗਰਮ ਹੈ। ਉਸ ਦੀ ਇਸ ਪ੍ਰਾਪਤੀ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥਣ ਨੂੰ ਉਸ ਦੇ ਯਤਨਾਂ ਅਤੇ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਨਾਲ ਹੀ ਉਸ ਦੇ ਐਚ.ਓ.ਡੀ. ਅੰਜਲੀ ਅਤੇ ਹੋਰ ਕਲਾਸ ਅਧਿਆਪਕਾਂ ਦੇ ਮਾਰਗਦਰਸ਼ਨ ਦੀ ਵੀ ਸ਼ਲਾਘਾ ਕੀਤੀ ਅਤੇ ਸਮੂਹ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ।

ਦੀਪਕ ਸ਼ਰਮਾ ਨੂੰ ਹਲਕਾ ਸ਼ਾਹਕੋਟ ਦਾ ਕਨਵੀਨਰ ਲਗਾਉਣ 'ਤੇ ਵੰਡੇ ਲੱਡੂ

ਕਾਲਾ ਸੰਘਿਆਂ (ਮਨਜੀਤ ਮਾਨ) ਭਾਰਤੀ ਜਨਤਾ ਪਾਰਟੀ ਦੀ ਹਾਈਕਮਾਂਡ ਵੱਲੋਂ ਉੱਘੇ ਸਮਾਜ ਸੇਵਕ ਸੀਨੀਅਰ ਐਡਵੋਕੇਟ ਦੀਪਕ ਸ਼ਰਮਾ ਮਲਸੀਆਂ ਸਾਬਕਾ ਪ੍ਰਧਾਨ ਬਾਰ ਕੌਂਸਲ ਨਕੋਦਰ ਨੂੰ ਹਲਕਾ ਸ਼ਾਹਕੋਟ ਦੇ ਕਨਵੀਨਰ (ਇੰਚਾਰਜ) ਲਗਾਉਣ 'ਤੇ ਮਲਸੀਆਂ ਮੰਡਲ ਦੇ ਪ੍ਰਧਾਨ ਦਲਬੀਰ ਸੱਭਰਵਾਲ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਵੱਖ ਵੱਖ ਥਾਵਾਂ 'ਤੇ ਲੱਡੂ ਵੰਡੇ ਗਏ। ਸੱਭਰਵਾਲ ਨੇ ਐਡਵੋਕੇਟ ਦੀਪਕ ਸ਼ਰਮਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕਰਨਗੇ ਤੇ ਹਲਕਾ ਸ਼ਾਹਕੋਟ ਤੋਂ ਭਾਜਪਾ ਉਮੀਦਵਾਰ ਨੂੰ ਭਾਰੀ ਲੀਡ ਨਾਲ ਜਿਤਾਉਣਗੇ। ਇਸ ਮੌਕੇ ਵਿਪਨ ਕੁਮਾਰ ਜਨਰਲ ਸਕੱਤਰ, ਰੁਪਿੰਦਰ ਸਿੰਘ ਭੱਟੀ, ਰਾਮ ਰਤਨ,ਸੋਹਣ ਲਾਲ ਭਾਰਦਵਾਜ, ਹਰਦੀਪ ਸਿੰਘ ਤੇਜ਼ੀ, ਕ੍ਰਿਸ਼ਨ ਲਾਲ ਤਨੇਜਾ, ਅਮਰਜੀਤ ਖ਼ਾਨ, ਹਰਮੇਸ਼ ਲਾਲ, ਬਲਵਿੰਦਰ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਹਾਜ਼ਰ ਸਨ।

ਰੇਲ ਗੱਡੀ 'ਚੋਂ ਡਿੱਗਣ ਨਾਲ ਮੌਤ

ਫਿਲੌਰ (ਨਿਰਮਲ)- ਜੀ ਆਰ ਪੀ ਚੌਕੀ ਇੰਚਾਰਜ ਫਿਲੌਰ ਸੁਖਜੀਤ ਸਿੰਘ ਨੇ ਦੱਸਿਆ ਕਿ ਫਿਲੌਰ ਨੇੜੇ ਸਤਲੁਜ ਦਰਿਆ ਨਜ਼ਦੀਕੀ ਇਕ 55-56 ਸਾਲਾਂ ਮੋਨੇ ਵਿਅਕਤੀ ਦੀ ਲਾਸ਼ ਰੇਲਵੇ ਲਾਈਨਾਂ ਤੋਂ ਮਿਲੀ। ਮ੍ਰਿਤਕ ਦੇ ਪਰਵਾਰ ਵਾਲੇ ਉਸ ਨੂੰ ਭਾਲਦੇ ਹੋਏ ਰੇਲਵੇ ਪੁਲਸ ਚੌਕੀ ਫਿਲੌਰ ਪੁੱਜੇ । ਮ੍ਰਿਤਕ ਦੇ ਪੁੱਤਰ ਧਰਮਿੰਦਰ ਦਾਸ ਵਾਸੀ ਦਰਭੰਗਾ (ਬਿਹਾਰ) ਨੇ ਮ੍ਰਿਤਕ ਦੀ ਪਹਿਚਾਣ ਕੀਤੀ। ਉਸ ਦੀ ਪਹਿਚਾਣ ਵਜਿੰਦਰ ਦਾਸ ਪੁੱਤਰ ਸਗੇਸਵਰ ਦਾਸ ਵਾਸੀ ਦਰਭੰਗਾ (ਬਿਹਾਰ) ਵਜੋਂ ਕੀਤੀ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਧਾਰਾ 174 ਦੀ ਕਾਰਵਾਈ ਕਰਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਗਈ।

ਰੂਪ ਰਾਏ ਪਰਵਾਰ

7-APR-PAGE-8.qxd 4/6/2024 10:45 PM Page 1

5,76,000 ਮਿਲੀਲੀਟਰ ਨਜਾਇਜ਼ ਸ਼ਰਾਬ ਬਰਾਮਦ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਇੰਸਪੈਕਟਰ ਗੁਰਪ੍ਰੀਤ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਦੇ ਅਧੀਨ ਵਿਸ਼ੇਸ਼ ਟੀਮ ਖੁਫੀਆ ਇਤਲਾਹ 'ਤੇ ਮੁਹੱਲਾ ਬਹਾਦਰਪੁਰ ਦੇ ਇੱਕ ਖੰਡਰਨੁੰਮਾ ਮਕਾਨ ਵਿੱਚੋਂ ਕਿਸੇ ਨਾ ਮਲੂਮ ਵਿਅਕਤੀ ਵਲੋਂ ਛੁਪਾ ਕੇ ਰੱਖੀ ਹੋਈ 43 ਪੇਟੀਆਂ ਨਜਾਇਜ ਸ਼ਰਾਬ (ਕੁੱਲ 5,76,000 ਮਿਲੀ ਲੀਟਰ) ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਵਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਸਟਾਫ 'ਚ ਤਾਇਨਾਤ ਨਵਜੋਤ ਸਿੰਘ ਨੂੰ ਮੁਖਬਰ ਖਾਸ ਨੇ ਦੱਸਿਆ ਕਿ ਮੁਹੱਲਾ ਬਹਾਦਰਪੁਰ ਵਿਖੇ ਇੱਕ ਖੰਡਰਨੁੰਮਾ ਥਾਂ ਵਿੱਚ ਕਿਸੇ ਨਾ-ਮਲੂਮ ਵਿਅਖਤੀ ਨੇ ਭਾਰੀ ਮਾਤਰਾ ਵਿੱਚ ਸ਼ਰਾਬ ਡੰਪ ਕਰਕੇ ਰੱਖੀ ਹੋਈ ਹੈ ਜੋ ਸ਼ਹਿਰ ਦੇ ਸਾਰੇ ਠੇਕੇ ਬੰਦ ਹੋਣ ਕਰਕੇ ਉਕਤ ਨਾ-ਮਲੂਮ ਵਿਅਕਤੀ ਨਜਾਇਜ ਢੰਗ ਨਾਲ ਇੱਥੋਂ ਹੀ ਸ਼ਰਾਬ ਦੀ ਸਪਲਾਈ ਦੇ ਰਿਹਾ ਹੈ।ਨਵਜੋਤ ਸਿੰਘ ਨੇ ਸਮੇਤ ਨਵਜੋਤ ਭਾਰਤੀ, ਈ.ਟੀ.ਓ. ਹੁਸ਼ਿਆਰਪੁਰ ਅਤੇ ਐਕਸਾਈਜ਼ ਇੰਸਪੈਕਟਰ ਅਮਰਿੰਦਰ ਬਖਸ਼ੀਸ਼ ਸਿੰਘ ਨੇ ਖੰਡਰਨੁੰਮਾ ਮਕਾਨ ਦੀ ਤਲਾਸ਼ੀ ਕੀਤੀ, ਜਿਸ ਵਿੱਚੋਂ 21 ਪੇਟੀਆਂ ਨਜਾਇਜ ਸ਼ਰਾਬ ਮਾਰਕਾ ਮਾਸਟਰ ਮੂਵਮੈਂਟ ਅਤੇ 43 ਪੇਟੀਆਂ ਨਜਾਇਜ ਸ਼ਰਾਬ ਮਾਰਕਾ ਪੰਜਾਬ ਕਲੱਬ ਕਿੰਗ ਵਿਸਕੀ ਬ੍ਰਾਮਦ ਕਰਕੇ ਨਾ ਮਲੂਮ ਵਿਅਕਤੀ ਦੇ ਖਿਲਾਫ ਮੁੱਕਦਮਾ ਨੰਬਰ 109 ਮਿਤੀ 04-04-2024 ਅ.ਧ. 61-1-14 ਆਬਕਾਰੀ ਐਕਟ ਥਾਣਾ ਸਿਟੀ ਹੁਸ਼ਿਆਰਪੁਰ ਦਰਜ ਕਰੇ ਅਗਲੀ ਤਫਤੀਸ਼ ਆਰੰਭ ਕੀਤੀ ਕਰ ਦਿੱਤੀ ਗਈ ਹੈ।

ਨੇਤਰਦਾਨ ਸੰਸਥਾ ਦਾ ਸਮਾਜ ਸੇਵਾ 'ਚ ਵਡਮੁੱਲਾ ਯੋਗਦਾਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਰਮਨ ਕੁਮਾਰ ਵਾਸੀ ਪਿੱਪਲਾਂਵਾਲਾ ਹੁਸ਼ਿਆਰਪੁਰ ਜੋ ਕਿ ਲੰਮੇ ਸਮੇਂ ਤੋਂ ਪੁਤਲੀ ਦੀ ਖਰਾਬੀ ਕਾਰਨ ਅੰਨ੍ਹੇਪਣ ਦਾ ਸ਼ਿਕਾਰ ਸਨ ਉਨ੍ਹਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਪਾਉਣ ਲਈ ਪੁਤਲੀ ਬਦਲਾਉਣ ਦੀ ਸੇਵਾ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਭੁਮਾਣਾ ਰਮਨ ਕੁਮਾਰ ਦੇ ਪਰਿਵਾਰ ਨੂੰ ਮਿਲੇ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਹੋ ਸਕੇ ਹਰ ਤਰ੍ਹਾਂ ਦੀ ਲੋੜੀਦੀ ਸਹਾਇਤਾ ਕੀਤੀ ਜਾਵੇਗੀ। ਉਸ ਵੇਲੇ ਸਿਵਲ ਹਸਪਤਾਲ ਦੇ ਡਾਕਟਰ ਮਨਮੋਹਨ ਸਿੰਘ ਐਸ ਐਮ ਓ ਅਤੇ ਅੱਖਾਂ ਦੇ ਮਾਹਰ ਡਾਕਟਰ ਮਨਪ੍ਰੀਤ ਕੌਰ ਹਾਜ਼ਰ ਸਨ। ਉਨ੍ਹਾਂ ਵੱਲੋਂ ਨੇਤਰਦਾਨ ਸੰਸਥਾ ਦੇ ਇਸ ਨੇਕ ਕੰਮ ਲਈ ਭਰਪੂਰ ਸ਼ਲਾਘਾ ਕੀਤੀ ਗਈ। ਨੇਤਰਦਾਨ ਸੰਸਥਾ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਅਤੇ ਸਕੱਤਰ ਬਲਜੀਤ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪਿਛਲੇ 25 ਸਾਲਾਂ ਤੋਂ ਲਗਾਤਾਰ ਮਨੁੱਖਤਾ ਦੀ ਸੇਵਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਨੇਤਰਹੀਣਤਾ ਤੋਂ ਮੁਕਤ ਕਰਵਾਉਣ ਲਈ ਹਜ਼ਾਰਾਂ ਹੀ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰਾ ਚੁੱਕੇ ਹਨ। ਉਨ੍ਹਾਂ ਵੱਲੋਂ ਦੱਸਿਆ ਕਿ ਲੋੜਵੰਦ ਮਰੀਜ਼ਾਂ ਦਾ ਖਰਚਾ ਵੀ ਮੌਜੂਦਾ ਸੰਸਥਾ ਵੱਲੋਂ ਕੀਤਾ ਜਾਂਦਾ ਹੈ। ਇਸ ਮੌਕੇ ਸੁਰੇਸ਼ ਕਪਾਟੀਆ, ਗੁਰਪ੍ਰੀਤ ਸਿੰਘ, ਹਰਭਜਨ ਸਿੰਘ, ਐਸ.ਪੀ. ਸ਼ਰਮਾ, ਪ੍ਰੇਮ ਸੈਣੀ, ਗੁਰਪਾਲ ਸਿੰਘ, ਪ੍ਰਿੰਸੀ: ਰਚਨਾ ਕੌਰ ਅਤੇ ਜਤਿੰਦਰ ਕੌਰ ਹਾਜ਼ਰ ਸਨ।

ਮੇਹਰਚੰਦ ਪੋਲੀਟੈਕਨਿਕ ਨੇ 36000 ਇੰਜੀਨੀਅਰ ਪੈਦਾ ਕੀਤੇ

ਜਲੰਧਰ (ਸ਼ੈਲੀ ਐਲਬਰਟ)- ਮੇਹਰਚੰਦ ਪੋਲੀਟੈਕਨਿਕ ਕਾਲਜ ਨੇ ਆਪਣੀ ਸਥਾਪਨਾ ਦੇ 70 ਵਰ੍ਹੇ ਪੂਰੀ ਸਫਲਤਾ ਨਾਲ ਪੂਰੇ ਕਰ ਲਏ ਹਨ। ਇਨ੍ਹਾਂ ਸਾਲਾਂ ਵਿਚ ਕਾਲਜ ਨੇ 36000 ਤੋਂ ਵੀ ਵੱਧ ਇੰਜੀਨੀਅਰ ਪੈਦਾ ਕੀਤੇ, ਜਿਨ੍ਹਾਂ ਵਿੱਚ ਜ਼ਿਆਦਾਤਰ ਨੇ ਕੈਰੀਅਰ ਦੀ ਸ਼ੁਰੂਆਤ ਜੇ.ਈ ਦੀ ਪੋਸਟ ਤੋਂ ਕੀਤੀ ਤੇ ਫਿਰ ਐਸ.ਡੀ.ਓ, ਐਕਸੀਅਨ ,ਐਸ.ਈ ਅਤੇ ਚੀਫ ਇੰਜੀਨੀਅਰ ਦੇ ਉਹਦੇ ਤਕ ਵੀ ਪਹੁੰਚੇ । ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਨਾ ਸਿਰਫ ਸਾਡੇ ਵਿਦਿਆਰਥੀ ਐਕਸੀਅਨ, ਐਸ.ਡੀ.ਓ ਤੇ ਚੀਫ ਇੰਜੀਨੀਅਰ ਹੀ ਬਣੇ, ਸਾਡੇ ਵਿਦਿਆਰਥੀ ਸਫਲ ਉੱਦਮੀ, ਡਾਇਰੈਕਟਰ , ਪ੍ਰਿੰਸੀਪਲ , ਜਨਰਲ ਮੈਨੇਜਰ, ਚੇਅਰਮੈਨ, ਐਮ.ਡੀ , ਪ੍ਰੋਫੈਸਰ, ਗੈਰੀਸਨ ਇੰਜੀਨੀਅਰ ਤੇ ਕਈ ਹੋਰ ਅਹੁਦਿਆਂ 'ਤੇ ਵੀ ਪਹੁੰਚੇ।ਉਹਨਾਂ ਦੱਸਿਆ ਕਿ ਨਵੰਬਰ ਵਿਚ ਸਾਰੇ ਅਲੁਮਨੀ ਮੈਂਬਰਾਂ ਵਲੋਂ ਪਲੈਟੀਨਮ ਜੂਬਲੀ ਬੜੀ ਧੂਮਧਾਮ ਨਾਲ ਮਨਾਈ ਜਾ ਰਹੀ ਹੈ । ਜਿਸ ਵਿਚ 2000 ਤੋਂ ਵੀ ਵੱਧ ਭਾਰਤ ਵਿਚੋਂ ਅਤੇ ਵਖਰੇ ਵਖਰੇ ਦੇਸ਼ਾਂ ਤੋਂ ਪੁਰਾਣੇ ਵਿਦਿਆਰਥੀ ਸ਼ਾਮਿਲ ਹੋਣਗੇ। ਜਿਸ ਵਿਚੋਂ ਸੀ.ਐਲ. ਕੋਚਰ:- ਮੈਂ ਇਸ ਕਾਲਜ ਦੀ ਦੇਣ ਨਹੀ ਭੁੱਲ ਸਕਦਾ। ਮੈਂ ਇਥੇ ਵਿਦਿਆਰਥੀ ਵੀ ਰਿਹਾ, ਲੈਕਚਰਾਰ ਵੀ, ਵਿਭਾਗ ਮੁੱਖੀ ਵੀ, ਫੇਰ ਪ੍ਰਿੰਸੀਪਲ ਵੀ ਬਣਿਆ ਹਾਂ, ਸ਼ਿਵ ਕੁਮਾਰ ਮੰਗਲ:- ਮੈ ਪੰਚਾਇਤੀ ਵਿਭਾਗ ਤੋਂ ਚੀਫ ਇੰਜੀਨੀਅਰ ਬਣ ਕੇ ਰਿਟਾਇਰ ਹੋਇਆ ਹਾਂ, ਮੈ ਇਸ ਕਾਲਜ ਨੂੰ ਸਿਜਦਾ ਕਰਦਾ ਹਾਂ ਕਿ ਜਿਥੋਂ ਪੜ੍ਹ ਕੇ ਮੈਂ ਇਸ ਮੁਕਾਮ ਤੇ ਪਹੁੰਚਿਆ ਹਾਂ, ਅਜੇ ਗੋਸਵਾਮੀ:- ਇਹ ਕਾਲਜ ਮੇਰੇ ਪਿਤਾ ਲਾਲਾ

ਕਾਲਜ ਮਨਾ ਰਿਹੈ ਪਲੈਟੀਨਮ ਜੁਬਲੀ

ਚੰਚਲ ਦਾਸ ਨੇ 1954 ਵਿਚ ਸ਼ੁਰੂ ਕੀਤਾ ਸੀ, ਜੋ ਪਹਿਲੇ ਪ੍ਰਿੰਸੀਪਲ ਸਨ।ਇਥੇ ਪੜ੍ਹ ਕੇ ਮੈਂ ਇੰਡਸਟਰੀ ਦੀ ਸ਼ੁਰੂਆਤ ਕੀਤੀ।ਅੱਜ ਅਜੇ ਇੰਡਸਟਰੀ ਦੀ ਪਹਿਚਾਨ ਵਿਦੇਸ਼ਾਂ ਵਿਚ ਵੀ ਹੈ। ਇਹ ਕਾਲਜ ਮੇਰੇ ਲਈ ਮੰਦਿਰ ਹੈ।,ਵਿਨੋਦ ਕਪੂਰ:- ਸਾਡੇ ਬੈਚ ਨੇ 25 ਸਾਲਾ ਜੁਬਲੀ ਇਸ ਕਾਲਜ ਵਿਚ ਮਨਾਈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਬੈਚ ਨੂੰ ਗੋਲਡਨ ਬੈਚ ਦਾ ਖਿਤਾਬ ਦਿੱਤਾ। ਮੈਂ ਜੇ.ਈ ਤੌਰ 'ਤੇ ਪੀ.ਡਬਲਯੂ.ਡੀ ਵਿਚ ਭਰਤੀ ਹੋਇਆ ਤੇ ਐਕਸੀਅਨ ਬਣ ਕੇ ਰਿਟਾਇਰ ਹੋਇਆ। ਅਜੇ ਅਰੋੜਾ:-ਮੈਂ ਇਸ ਕਾਲਜ ਦੇ ਇਲੈਕਟਰਾਨਿਕਸ ਦੇ ਪਹਿਲੇ ਬੈਚ ਵਿਦਿਆਰਥੀ ਹਾਂ।ਇਸ ਕਾਲਜ ਨੇ ਬਹੁਤ ਕੁਝ ਸਿਖਾਇਆ।ਗੌਰਮੈਂਟ ਪੋਲੀਟੈਕਨਿਕ ਕਾਲਜ ਬਟਾਲਾ ਤੋਂ ਪ੍ਰਿੰਸੀਪਲ ਬਣ ਕੇ ਰਿਟਾਇਰ ਹੋਇਆ।ਇਸ ਕਾਲਜ ਨਾਲ ਸ਼ੁਰੂ ਤੋਂ ਹੀ ਜੁੜਿਆ ਹਾਂ। ਅਮਰਿੰਦਰ ਧਿਮਾਨ:- ਇਸ ਕਾਲਜ ਵਿਚੋਂ ਪੜ੍ਹ ਕੇ ਧੀਮਾਨ ਇੰਡਸਟਰੀਜ਼ ਨਕੋਦਰ ਵਿਖੇ ਸ਼ੁਰੂ ਕੀਤੀ। ਇਸ ਦਾ ਵਿਦੇਸ਼ਾਂ ਵਿਚ ਵੀ ਨਾਂਅ ਹੈ।ਜਦੋਂ ਵੀ ਇਸ ਕਾਲਜ ਦਾ ਕੋਈ ਵਿਦਿਆਰਥੀ ਨੌਕਰੀ ਲਈ ਆਉਂਦਾ ਹੈ ਤਾਂ ਇਸ ਦਾ ਨਾਂਅ ਸੁਣ ਕੇ ਹੀ ਹਾਂ ਕਰ ਦਿੰਦਾ ਹੈ।ਹਰਸਚਿਨ ਕੁਮਾਰ:- ਇਸ ਕਾਲਜ ਤੋਂ ਪੜ੍ਹ ਕੇ ਪਹਿਲਾ ਬੀ.ਟੈਕ ਕੀਤੀ ਤੇ ਫਿਰ ਮੈਂ ਆਈ. ਆਈ.ਟੀ ਖੜਕਪੁਰ ਤੋ ਮਾਸਟਰਜ਼ ਕੀਤੀ ਤੇ ਐਮ.ਆਈ.ਟੀ (ਯੂ.ਐਸ.ਏ) ਤੋਂ ਪੀ.ਐਚ.ਡੀ ਅਤੇ ਅੱਜ ਸਿੰਗਾਪੁਰ ਵਿਖੇ ਪੱਸਿ੍ਧ ਤੇਲ ਕੰਪਨੀ ਲਿੰਡੇ ਪੀ.ਸੀ.ਐਲ ਵਿਚ ਵਿਭਾਗ ਹੈਡ ਦੇ ਤੌਰ 'ਤੇ ਕੰਮ ਕਰ ਰਿਹਾ ਹਾਂ। ਡਾ. ਜਗਰੂਪ ਸਿੰਘ:- ਇਸ ਕਾਲਜ ਨੂੰ ਪੰਜ ਵਾਰ ਉੱਤਰ ਭਾਰਤ ਦੇ ਸਰਵੋਤਮ ਪੋਲੀਟੈਕਨਿਕ ਦਾ ਖਿਤਾਬ ਕੇਂਦਰੀ ਸੰਸਥਾ ਨਿੱਟਰ ਤੋਂ ਮਿਲਿਆ ਹੈ।ਇਸ ਕਾਲਜ ਨੂੰ ਐਨ.ਬੀ.ਏ ਵਲੋਂ ਵੀ ਮਾਨਤਾ ਮਿਲੀ ਹੈ। ਇਸ ਕਾਲਜ ਨੂੰ ਸਾਡੇ ਅਲੁਮਨੀ ਮੈਂਬਰਾਂ ਨੇ ਬਹੁਤ ਪਿਆਰ ਦਿੱਤਾ ਹੈ। ਮੈਨੂੰ ਫਖਰ ਹੈ ਕਿ ਮੈਂ ਇਸ ਮਹਾਨ ਸੰਸਥਾ ਦਾ ਪ੍ਰਿੰਸੀਪਲ ਹਾਂ।

ਮੁੱਖਲਿਆਣਾ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਮੁੱਖਲਿਆਣਾ ਵਿਖੇ 108 ਸੰਤ ਬਾਬਾ ਉਦੇ ਸਿੰਘ ਜੀ ਸਪੋਰਟਸ ਕਲੱਬ ਮੁੱਖਲਿਆਣਾ ਹੁਸ਼ਿਆਰਪੁਰ ਵੱਲੋਂ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 08 ਅਪ੍ਰੈਲ ਤੋਂ 14 ਅਪ੍ਰੈਲ ਤੱਕ ਕਰਵਾਏ ਜਾ ਰਹੇ ਹੈ। ਰਾਕੇਸ਼ ਕੁਮਾਰ ਰੋਕੀ ਨੇ ਦੱਸਿਆ ਕਿ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਉਨ੍ਹਾਂ ਦੱਸਿਆ ਕਿ 07 ਅਪ੍ਰੈਲ ਨੂੰ ਸਵੇਰੇ 12 ਵਜੇ ਤੋਂ ਲੈ ਕੇ 04 ਵਜੇ ਤੱਕ ਪਿੰਡ ਦੀ ਗਰਾਊਂਡ ਵਿਖੇ ਐਂਟਰੀਆਂ ਲਈਆਂ ਜਾਣਗੀਆਂ। 08 ਅਪ੍ਰੈਲ ਨੂੰ ਸਵੇਰੇ ਪਿੰਡ ਦੇ ਪਤਵੰਤੇ ਸੱਜਣ ਟੂਰਨਾਮੈਂਟ ਦਾ ਉਦਘਾਟਨ ਕਰਨਗੇ।ਉਪਨ ਪਿੰਡ ਪੱਧਰ ਦੀਆਂ 32 ਟੀਮਾਂ ਅਤੇ ਅਤੇ ਉਮਰ ਵਰਗ 2005 ਦੀਆਂ 08 ਟੀਮਾਂ ਭਾਗ ਲੈਣਗੀਆਂ।14 ਅਪ੍ਰੈਲ ਨੂੰ ਫਾਈਨਲ ਵਾਲੇ ਦਿਨ ਐਨ ਆਰ ਆਈ ਵੀਰਾਂ ਅਤੇ ਪਿੰਡ ਦੇ ਪਤਵੰਤੇ ਸੱਜਣ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਰਕੇਸ਼ ਕੁਮਾਰ ਰੋਕੀ, ਸਰਪੰਚ ਅਮਰਜੀਤ ਸਿੰਘ ਮੁੱਖਲਿਆਣਾ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਤਰਨਜੀਤ ਸਿੰਘ ਤੰਨੀ ਅਮਰੀਕਾ, ਹਰਪ੍ਰੀਤ ਸਿੰਘ ਹੈਪੀ ਪੰਚ, ਗੁਰਵਿੰਦਰ ਸਿੰਘ, ਜਗਜੀਤ ਸਿੰਘ, ਹਰਵਿੰਦਰ ਸਿੰਘ, ਰਮਨਦੀਪ ਸਿੰਘ, ਮਿੰਟੂ ਕਨੇਡਾ, ਸਾਬੀ ਆਸਟਰੇਲੀਆ, ਪ੍ਰੀਤ ਕਨੇਡਾ, ਅੰਮ੍ਰਿਤ ਇਟਲੀ ਆਰਪੀ ਸਿੰਘ ਬਾਬਾ ਸਰਬਜੀਤ ਸਿੰਘ ਅਮਰੀਕਾ, ਸੁੱਖਪ੍ਰੀਤ ਸਿੰਘ, ਕਰਨ, ਅੰਮ੍ਰਿਤ ਪਾਲ ਸਿੰਘ, ਹਰਮਨ ਸਿੰਘ, ਜਸਕਰਨ ਸਿੰਘ,ਗੁਰਵਿੰਦਰ ਸਿੰਘ ਲੱਖਾ, ਤਲਵਿੰਦਰ ਸਿੰਘ ਨਿਊਜ਼ੀਲੈਂਡ, ਮਨਵੀਰ ਸਿੰਘ, ਪ੍ਰਦੀਪ ਸਿੰਘ, ਕੁਲਦੀਪ ਸਿੰਘ ਦੀਪਾ ਆਦਿ ਹਾਜ਼ਰ ਸਨ।

ਲਾਇਬ੍ਰੇਰੀ ਲਈ ਭੇਟ ਕੀਤੀਆਂ ਬੇਸ਼ਕੀਮਤੀ ਸਿਧਾਂਤਕ ਤੇ ਸਾਹਿਤ ਦੀਆਂ ਪੁਸਤਕਾਂ

ਜਲੰਧਰ : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਨਵਾਂਸ਼ਹਿਰ ਜ਼ਿਲ੍ਹਾ ਕਮੇਟੀ ਦੇ ਸਤਿਕਾਰਤ ਮੈਂਬਰ ਕਾਮਰੇਡ ਹਰੀ ਬਿਲਾਸ ਹੀਉਂ ਨੇ ਪਾਰਟੀ ਦੇ ਜਲੰਧਰ ਸਥਿਤ ਹੌਂਡ ਕੁਆਰਟਰ ਵਿਚਲੀ 'ਸਾਥੀ ਪੀ. ਸੁੰਦਰਈਆ ਯਾਦਗਾਰੀ ਲਾਇਬ੍ਰੇਰੀ' ਲਈ ਮਾਰਕਸੀ-ਲੈਨਿਨੀ ਫਲਸਫ਼ੇ ਨਾਲ ਸਬੰਧਤ ਬੁਨਿਆਦੀ ਲਿਖਤਾਂ ਅਤੇ ਕਲਾਸੀਕਲ ਸਾਹਿਤ ਦੀਆਂ ਸੈਂਕੜੇ ਪੁਸਤਕਾਂ ਦਾ ਬੇਸ਼ਕੀਮਤੀ ਖਜ਼ਾਨਾ ਭੇਂਟ ਕੀਤਾ ਹੈ।ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਰਾਜ ਕਮੇਟੀ ਦੇ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ, ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਗੁਰਨਾਮ ਸਿੰਘ ਦਾਊਦ ਅਤੇ ਮਹੀਪਾਲ ਨੇ ਸਾਥੀ ਹਰੀ ਬਿਲਾਸ ਦੇ ਇਸ ਮਿਸਾਲੀ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਹੋਰਨਾਂ ਸਾਥੀਆਂ ਨੂੰ ਵੀ ਇਸ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ ਹੈ।ਕਿਤਾਬਾਂ ਪ੍ਰਾਪਤ ਕਰਦਿਆਂ ਉਕਤ ਆਗੂਆਂ ਨੇ ਕਿਹਾ ਹੈ ਕਿ ਵਰਤਮਾਨ ਭੰਬਲਭੂਸੇ ਵਾਲੇ ਹਾਲਾਤ ਅੰਦਰ ਪਾਰਟੀ ਅਸੂਲਾਂ 'ਤੇ ਪਹਿਰਾ ਦਿੰਦਿਆਂ ਕਿਰਤੀ ਦੀ ਬੰਦ ਖਲਾਸੀ ਦੇ ਸੰਗਰਾਮ ਦੀ ਜਿੱਤ ਲਈ ਸਾਬਤ ਕਦਮੀਂ ਤੁਰੇ ਰਹਿਣ ਲਈ ਉਕਤ ਵਡਮੁੱਲੀ ਭੇਂਟ ਭਵਿੱਖ ਦੇ ਯੁਵਾ ਕਾਡਰ ਲਈ ਬਹੁਤ ਸਹਾਈ ਸਿੱਧ ਹੋਵੇਗੀ।

ਇਸ ਮੌਕੇ ਸਾਥੀ ਰਾਮ ਕਿਸ਼ਨ, ਸਾਥੀ ਬਲਵਿੰਦਰ ਸਿੰਘ ਛੇਹਰਟਾ, ਸੰਦੀਪ ਲੱਧਰ ਅਤੇ ਰਮੇਸ਼ ਰਾਣਾ ਵੀ ਮੌਜੂਦ ਸਨ।

ਸਰਕਾਰੀ ਸਕੂਲ ਹਰ ਮੁਕਾਬਲੇ 'ਚ ਮਾਰ ਰਹੇ ਮੱਲਾਂ : ਰਮਨ ਕੁਮਾਰ

ਮੋਰਿੰਡਾ (ਜੈਜ਼ੀ ਸਰਦਾਰ) ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਡੂਮਛੇੜੀ ਨੇ ਸਾਂਝੇ ਤੌਰ 'ਤੇ ਸਾਲਾਨਾ ਸਮਾਗਮ ਕਰਵਾਇਆ। ਮਿਡਲ ਸਕੂਲ ਦੀ ਮੁਖੀ ਵੰਧਨਾ ਰਾਣੀ ਨੇ ਦੱਸਿਆ ਇਸ ਸਮਾਗਮ ਵਿੱਚ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਰਮਨ ਕੁਮਾਰ ਉਚੇਚੇ ਤੌਰ 'ਤੇ ਹਾਜ਼ਰ ਹੋਏ। ਉਹਨਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵੱਲ ਹੁਣ ਸਰਕਾਰ ਦਾ ਪੂਰਾ ਧਿਆਨ ਹੈ ਇਸ ਲਈ ਸਰਕਾਰੀ ਸਕੂਲ ਹਰ ਮੁਕਾਬਲੇ ਵਿੱਚ ਮੱਲਾਂ ਮਾਰ ਰਹੇ ਹਨ।

ਉਹਨਾਂ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਰਾਜਵਿੰਦਰ ਕੌਰ , ਮਨਿੰਦਰ ਕੌਰ, ਆਰਤੀ ਸ਼ਰਮਾ ਆਦਿ ਅਧਿਆਪਕਾਂ ਵਲੋਂ ਤਿਆਰ ਕਰਵਾਇਆ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਬਲਾਕ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨਰਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਮਿਡਲ ਸਕੂਲ ਦੀ ਵਿਦਿਆਰਥਣ ਬੰਧਨਾਂ ਕੁਮਾਰੀ ਨੂੰ ਕਰਾਟੇ ਮੁਕਾਬਲਿਆਂ ਵਿੱਚ ਬਲਾਕ ਪੱਧਰ 'ਤੇ ਦੂਜਾ ਸਥਾਨ ਹਾਸਲ ਕਰਨ 'ਤੇ ਸਨਮਾਨ ਦਿੱਤਾ ਗਿਆ। ਇਸ ਮੌਕੇ ਅਧਿਆਪਕਾ ਅਮਨਦੀਪ ਕੌਰ ਸੀ ਐੱਚ ਟੀ ਸੁਪਿੰਦਰ ਸਿੰਘ, ਤਾਜ ਪੁਰ ਸਕੂਲ ਤੋਂ ਲੈਕਚਰਾਰ ਚਰਨਜੀਤ ਕੌਰ, ਕੰਚਨ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਚੀਮਾ ਗੋਤ ਦੇ ਜਠੇਰਿਆਂ ਦਾ ਮੇਲਾ ਅੱਜ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਇਥੋਂ ਦੇ ਪਿੰਡ ਚੀਮਾ ਕਲਾਂ ਵਿਖੇ ਚੀਮਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 7 ਅਪ੍ਰੈਲ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ । ਇਸ ਮੇਲੇ ਵਿੱਚ ਪੰਜਾਬ ਭਰ ਵਿੱਚੋਂ ਚੀਮਾ ਗੋਤ ਦੇ ਸ਼ਰਧਾਲੂ ਪੁੱਜਦੇ ਹਨ। ਮੇਲੇ ਦੇ ਪ੍ਰਬੰਧਕ ਕਮਲਜੀਤ ਸਿੰਘ ਪੱਪੂ ਨੇ ਦੱਸਿਆ ਕੇ ਸਵੇਰੇ 9 ਵਜੇ ਨਿਸ਼ਾਨ ਸਾਹਿ

7-April-Sunday.qxd 4/6/2024 10:22 PM Page 1

ਜਗਜੀਤ ਸਿੰਘ ਆਨੰਦ ਪੰਜਾਬੀ ਵਾਰਤਿਕ ਦਾ ਰਾਜਾ ਭੋਜ ਸੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 7 ਅਪ੍ਰੈਲ 2024

www.nawanzamana.in

ਕੀਮਤ 5.00 ਰੁਪਏ

ਸਾਹ ਨਾ ਭਾਵੇਂ ਲੈਣ ਦਿੱਤਾ
ਜਾਬਰਾਂ ਦੀ ਦਾਬ ਨੇ
ਫੇਰ ਵੀ ਹਿੰਮਤ ਨਹੀਂ
ਹਾਰੀ ਕਦੇ ਪੰਜਾਬ ਨੇ।

- ਕਵਿੰਦਰ ਚਾਂਦ

ਵਿੱਦਿਆ ਵੀਚਾਰੀ-ਬਨਾਮ ਵਪਾਰ

ਜਸਪ੍ਰੀਤ ਕੌਰ ਜੱਸੂ

ਕਿਸੇ ਵੀ ਅਨੁਭਵ ਨੂੰ, ਜਿਸ ਦਾ ਸੋਚਣ, ਮਹਿਸੂਸ ਕਰਨ ਜਾਂ ਕੰਮ ਕਰਨ ਦੇ ਢੰਗ-ਤਰੀਕੇ ਵਿੱਚ ਬਦਲਾਅ ਆਵੇ, ਉਸ ਅਨੁਭਵ ਨੂੰ ਸਿੱਖਿਆ ਮੰਨਿਆ ਜਾ ਸਕਦਾ ਹੈ।ਸਿੱਖਿਆ ਦਾ ਮੁੱਖ ਉਦੇਸ਼ ਮਨੁੱਖ ਦਾ ਸਰਬਪੱਖੀ ਵਿਕਾਸ ਕਰਨਾ ਹੈ।ਹਰ ਮਨੁੱਖ ਵਿੱਚ ਕੋਈ ਖ਼ਾਸ ਗੁਣ ਜ਼ਰੂਰ ਹੁੰਦਾ ਹੈ, ਜਿਸ ਦਾ ਵਿਕਾਸ ਕਰਕੇ ਉਸ ਨੂੰ ਸੰਬੰਧਤ ਖੇਤਰ ਵਿੱਚ ਬੁਲੰਦੀਆਂ 'ਤੇ ਪਹੁੰਚਾਇਆ ਜਾ ਸਕਦਾ ਹੈ।ਇਸ ਲਈ ਜ਼ਰੂਰੀ ਹੈ ਕਿ ਹਰ ਮਨੁੱਖ ਦੀ ਮਾਨਸਿਕ ਸਥਿਤੀ ਤੇ ਉਸ ਦੀ ਅੰਦਰਲੀ ਯੋਗਤਾ ਨੂੰ ਜਾਣ ਕੇ ਉਸ ਲਈ ਚੰਗਾ ਮਾਰਗ ਚੁਣਿਆ ਜਾਵੇ ਤਾਂ ਜੋ ਉਸ ਦੀ ਯੋਗਤਾ ਦੀ ਸੁਚੱਜੀ ਵਰਤੋਂ ਹੋ ਸਕੇ।ਮਨੁੱਖ ਦੀ ਤਰੱਕੀ ਦਾ ਰਾਜ਼ ਚੰਗੀ ਸਿੱਖਿਆ ਹੀ ਹੈ। ਮਨੁੱਖ ਆਪਣੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਉੱਤੇ ਵੱਖ-ਵੱਖ ਸ੍ਰੋਤਾਂ ਤੋਂ ਸਿੱਖਦਾ ਰਹਿੰਦਾ ਹੈ; ਜਿਵੇਂ: ਮਾਂ-ਪਿਉ, ਪਰਵਾਰ, ਸਮਾਜ, ਸਕੂਲ, ਕਾਲਜ, ਅਧਿਆਪਕ, ਦੋਸਤ ਆਦਿ, ਪਰ ਸਭ ਤੋਂ ਵੱਧ ਉਹ ਆਪਣੇ ਅਨੁਭਵ, ਸਵੈ-ਪੜਚੋਲ ਅਤੇ ਕਿਤਾਬਾਂ ਤੋਂ ਸਿੱਖਦਾ ਹੈ।ਹਰੇਕ ਸਮਾਜ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣਾ ਹਾਸਲ ਕੀਤਾ ਗਿਆਨ ਵੰਡਦਾ ਹੈ।ਗਿਆਨ ਵੰਡਣ ਦਾ ਕੰਮ ਕਈ ਰੂਪਾਂ ਵਿੱਚ ਚਲਦਾ ਰਹਿੰਦਾ।ਜਿਵੇਂ ਪੀੜ੍ਹੀ ਦਰ ਪੀੜ੍ਹੀ, ਇੱਕ ਪਰਵਾਰ ਤੋਂ ਅਗਲੇ ਪਰਵਾਰ ਤੱਕ, ਸਮਾਜਿਕ ਸਰੋਕਾਰਾਂ ਨੂੰ ਸਮਰਪਿਤ, ਲੋਕਾਂ ਦੁਆਰਾ ਸਾਂਝੇ ਰੂਪ ਵਿੱਚ ਅਤੇ ਮੌਜੂਦਾ ਸੱਤਾ ਵੀ ਸਮਾਜਿਕ ਗਿਆਨ ਨੂੰ ਆਪਣੇ ਖੁਦਮੁਖਤਿਆਰੀ ਤਰੀਕੇ ਨਾਲ਼ ਅੱਗੇ ਤੋਰਦੀ ਹੈ।ਲੋਕਾਂ ਦਾ ਦ੍ਰਿਸ਼ਟੀਕੋਣ, ਸੋਚ ਅਤੇ ਵਿਚਾਰਧਾਰਾ ਸਿੱਖਿਆ ਤੋਂ ਹੀ ਪ੍ਰਭਾਵਿਤ ਹੁੰਦੇ ਹਨ।ਸਿੱਖਿਆ ਨਾਲ ਮਨੁੱਖ ਦੀ ਕਾਬਲੀਅਤ ਤੇ ਹੁਨਰਮੰਦੀ ਵਿੱਚ ਨਿਖ਼ਾਰ ਆ ਜਾਂਦਾ ਹੈ।ਸਿੱਖਿਆ ਸਮਾਜਿਕ ਪਛਾਣ ਅਤੇ ਮਾਣ-ਸਨਮਾਨ ਦਾ ਜ਼ਰੀਆ ਵੀ ਬਣਦੀ ਹੈ। ਕਿਸੇ ਵੀ ਮੁਲਕ ਦਾ ਆਰਥਿਕ ਵਿਕਾਸ ਚੰਗੀ ਸਿਹਤ ਅਤੇ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ। ਪੜ੍ਹਾਈ ਦਾ ਅਰਥ ਹੈ ਜ਼ਿੰਦਗੀ ਲਈ ਸਿੱਖਣਾ। ਸਿੱਖਿਆ ਦੀ ਭੂਮਿਕਾ ਸਮਾਜ ਦੇ ਵਿਕਾਸ ਅਤੇ ਬਰਾਬਰੀ ਵਾਲੇ ਸੋਹਣੇ ਸਮਾਜ ਦੀ ਸਿਰਜਣਾ ਵਾਸਤੇ ਅਹਿਮ ਹੈ।ਪੂਰਵ ਇਤਿਹਾਸਿਕ ਕਾਲ ਵਿੱਚ ਬਾਲਗ਼ਾਂ ਵੱਲੋਂ ਛੋਟਿਆਂ ਨੂੰ ਸਮਾਜ ਵਿੱਚ ਰਹਿਣ ਲਈ ਗਿਆਨ ਅਤੇ ਮੁਹਾਰਤ ਹਾਸਲ ਕਰਨ ਦੀ ਸਿਖਲਾਈ ਦੇਣ ਨਾਲ ਸਿੱਖਿਆ ਦੀ ਸ਼ੁਰੂਆਤ ਹੋ ਗਈ ਸੀ।ਪਹਿਲਾਂ ਸਮਾਜ ਵਿਚ ਇਸ ਨੂੰ ਨਕਲ ਰਾਹੀਂ ਪ੍ਰਾਪਤ ਕੀਤਾ ਜਾਂਦਾ ਸੀ। ਬਾਤਾਂ, ਕਹਾਣੀਆਂ ਸੁਣਾਉਣ ਨਾਲ ਗਿਆਨ, ਕਦਰਾਂ-ਕੀਮਤਾਂ ਅਤੇ ਹੁਨਰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਤਬਦੀਲ ਹੁੰਦਾ ਸੀ। ਰਸਮੀ ਸਿੱਖਿਆ ਦਾ ਵਿਕਾਸ ਹੋਣ ਨਾਲ ਸੰਸਕ੍ਰਿਤੀਆਂ ਨੇ ਆਪਣੇ ਗਿਆਨ ਨੂੰ ਨਕਲ ਨਾਲ ਉਨ੍ਹਾਂ ਹੁਨਰਾਂ ਤੋਂ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਮਿਸਰ ਵਿੱਚ ਮੱਧਕਾਲੀ ਸਲਤਨਤ ਦੇ ਸਮੇਂ ਸਕੂਲਾਂ ਦੀ ਹੋਂਦ ਸੀ।

ਸਿੱਖਿਆ ਨੂੰ ਇੱਕ ਵਿਸ਼ੇਸ਼ ਢਾਂਚੇ ਅਨੁਸਾਰ ਚਲਾਉਣ ਦੀ ਸ਼ੁਰੂਆਤ ਯੂਨਾਨ ਦੇ ਦਾਰਸ਼ਨਿਕ ਪਲੈਟੋ ਨੇ ਲੱਗਭੱਗ 400 ਈਸਵੀ ਪੂਰਵ ਮਤਲਬ ਕਿ ਅੱਜ ਤੋਂ 2400 ਸਾਲ ਪਹਿਲਾਂ ਯੂਨਾਨ ਵਿੱਚ ਕੀਤੀ। ਪਲੈਟੋ ਨੇ ਰਸਮੀ ਸਿੱਖਿਆ ਨੂੰ ਤਿੰਨ ਵਰਗਾਂ ਵਿਚ ਵੰਡਿਆ: ਪਹਿਲਾ ਪ੍ਰਾਇਮਰੀ, ਦੂਸਰਾ ਮਾਧਿਅਮ, ਤੀਸਰਾ ਉੱਚ ਸਿੱਖਿਆ।ਪਲੈਟੋ ਨੂੰ ਅਫ਼ਲਾਤੂਨ ਵੀ ਕਿਹਾ ਜਾਂਦਾ ਹੈ।ਅਫਲਾਤੂਨ ਨੇ ਐਥਿਨਜ਼ ਵਿੱਚ ਅਕੈਡਮੀ ਦੀ ਸਥਾਪਨਾ ਕੀਤੀ, ਜੋ ਯੂਰਪ ਵਿੱਚ ਉੱਚ ਸਿੱਖਿਆ ਦੀ ਪਹਿਲੀ ਸੰਸਥਾ ਸੀ। ਅਰਸਤੂ ਵਰਗੇ ਦਾਰਸ਼ਨਿਕ ਇਸੇ ਅਕੈਡਮੀ ਦੇ ਵਿਦਿਆਰਥੀ ਮੰਨੇ ਜਾਂਦੇ ਸਨ।330 ਈਸਵੀ ਪੂਰਵ ਵਿੱਚ ਸਥਾਪਤ ਮਿਸਰ ਵਿੱਚ ਅਲੇਕਜ਼ਾਨਡ੍ਰਿਆ ਸ਼ਹਿਰ, ਪੁਰਾਤਨ ਗ੍ਰੀਸ ਦੇ ਬੌਧਿਕ ਪੰਘੂੜੇ ਵਜੋਂ ਐਥਨਜ਼ ਦਾ ਉੱਤਰਾਧਿਕਾਰੀ ਬਣਿਆ। ਉੱਥੇ, ਸਿਕੰਦਰੀਆ ਦੀ ਮਹਾਨ ਲਾਇਬ੍ਰੇਰੀ ਤੀਸਰੀ ਸਦੀ ਈ. ਪੂ. ਵਿੱਚ ਸਥਾਪਤ ਕੀਤੀ ਗਈ।ਚੀਨ ਵਿਚ, ਲੂਓ ਸਟੇਟ ਦੇ ਕਨਫਿਊਸ਼ਸ (551-479 ਈ. ਪੂ.), ਦੇਸ਼ ਦਾ ਸਭ ਤੋਂ ਪ੍ਰਭਾਵਸ਼ਾਲੀ ਪ੍ਰਾਚੀਨ ਵਿਦਵਾਨ ਸੀ, ਜਿਸ ਦਾ ਵਿੱਦਿਅਕ ਨਜ਼ਰੀਆ ਚੀਨ ਦੇ ਸਮਾਜ ਅਤੇ ਕੋਰੀਆ, ਜਾਪਾਨ ਅਤੇ ਵੀਅਤਨਾਮ ਵਰਗੇ ਗੁਆਂਢੀਆਂ ਨੂੰ ਪ੍ਰਭਾਵਿਤ ਕਰਦਾ ਰਿਹਾ।ਰੋਮ ਦੇ ਪਤਨ ਤੋਂ ਬਾਅਦ, ਪੱਛਮੀ ਯੂਰਪ ਵਿੱਚ ਕੈਥੋਲਿਕ ਚਰਚ ਪੜ੍ਹਾਈ-ਲਿਖਾਈ ਅਤੇ ਵਿਦਵਤਾ ਦਾ ਇਕੋ-ਇਕ ਸਰਪ੍ਰਸਤ ਬਣ ਗਿਆ। ਪ੍ਰਾਚੀਨ ਸਿੱਖਿਆ ਦੇ ਕੇਂਦਰਾਂ ਵਜੋਂ ਚਰਚ ਨੇ ਅਰੰਭਿਕ-ਮੱਧ ਯੁੱਗ ਵਿੱਚ ਕੈਥੇਡ੍ਰਲ ਸਕੂਲ ਸਥਾਪਤ ਕੀਤੇ ਸਨ। ਅਖੀਰ ਵਿੱਚ ਇਹਨਾਂ ਵਿੱਚੋਂ ਕੁਝ ਸੰਸਥਾਵਾਂ ਮੱਧਯੁਗੀ ਯੂਨੀਵਰਸਿਟੀਆਂ ਅਤੇ ਯੂਰਪ ਦੀਆਂ ਕਈ ਆਧੁਨਿਕ ਯੂਨੀਵਰਸਿਟੀਆਂ ਦੇ ਪੂਰਵਜਾਂ ਵਜੋਂ ਪੈਦਾ ਹੋਈਆਂ। ਉੱਨਤ ਮੱਧ ਯੁੱਗ ਦੌਰਾਨ, ਚਾਰਟਰਸ ਕੈਥੇਡ੍ਰਲ ਨੇ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਚਾਰਟਰਸ ਕੈਥੇਡ੍ਰਲ ਸਕੂਲ ਚਲਾਇਆ। ਪੱਛਮੀ ਈਸਾਈ ਜਗਤ ਦੇ ਮੱਧਕਾਲ ਦੀਆਂ ਯੂਨੀਵਰਸਿਟੀਆਂ ਪੱਛਮੀ ਯੂਰਪ ਦੇ ਸਾਰੇ ਖੇਤਰਾਂ ਵਿੱਚ ਚੰਗੀ ਤਰ੍ਹਾਂ ਨਾਲ ਜੁੜੀਆਂ ਹੋਈਆਂ ਸਨ।ਇਸ ਨੇ ਬਹੁਤ ਸਾਰੇ ਵਧੀਆ ਵਿਦਵਾਨਾਂ ਅਤੇ ਮੌਲਿਕ ਦਾਰਸ਼ਨਿਕਾਂ ਨੂੰ ਪੈਦਾ ਕੀਤਾ।ਜਿਸ ਵਿੱਚ ਨੈਪਲਸ ਦੀ ਯੂਨੀਵਰਸਿਟੀ ਦੇ ਥਾਮਸ ਅਕਵਾਈਨਾਸ, ਵਿਗਿਆਨਕ ਪ੍ਰਯੋਗਾਂ ਦੀ ਇੱਕ ਵਿਵਸਥਿਤ ਵਿਧੀ ਦਾ ਇੱਕ ਸ਼ੁਰੂਆਤੀ ਵਿਆਖਿਆਕਾਰ ਔਕਸਫੋਰਡ ਯੂਨੀਵਰਸਿਟੀ ਰਾਬਰਟ ਗਰੋਸੈਸੇਸਟੇ ਅਤੇ ਜੀਵ-ਵਿਗਿਆਨਕ ਖੇਤਰੀ ਖੋਜ ਦਾ ਮੋਢੀ ਸੰਤ ਐਲਬਰਟ ਮਹਾਨ ਸ਼ਾਮਲ ਸਨ। 1088 ਵਿੱਚ ਸਥਾਪਤ ਬੌਲੋਨ ਯੂਨੀਵਰਸਿਟੀ ਨੂੰ ਪਹਿਲੀ ਅਤੇ ਸਭ ਤੋਂ ਪੁਰਾਣੀ ਨਿਰੰਤਰ ਚੱਲ ਰਹੀ ਯੂਨੀਵਰਸਿਟੀ ਮੰਨਿਆ ਜਾਂਦਾ ਹੈ।

ਵਰਤਮਾਨ ਸਮੇਂ ਵਿੱਚ ਹਰ ਸਮਾਜ ਨੇ ਆਪਣਾ ਵੱਖਰਾ ਸਿੱਖਿਆ ਢਾਂਚਾ ਵਿਕਸਿਤ ਕਰ ਲਿਆ ਹੈ। ਅੱਜਕੱਲ੍ਹ ਦੇ ਦੌਰ ਵਿੱਚ

ਸਿੱਖਿਆ ਦਾ ਜ਼ਿਆਦਾਤਰ ਕੰਮ ਪੜ੍ਹਨ-ਲਿਖਣ ਦੀ ਵਿਧੀ ਰਾਹੀਂ ਲੋਕਾਂ ਤੱਕ ਪਹੁੰਚ ਰਿਹਾ ਹੈ।ਪੜ੍ਹਨ-ਲਿਖਣ ਦੀ ਵਿਧੀ ਦੀ ਵਰਤੋਂ ਹੋਰ ਦੂਜੀਆਂ ਵਿਧੀਆਂ ਤੋਂ ਜ਼ਿਆਦਾ ਪ੍ਰਯੋਗ ਕੀਤੀ ਜਾਂਦੀ ਹੈ।ਇਸ ਵਿਧੀ ਦਾ ਮੁੱਖ ਸੰਚਾਲਕ ਸਕੂਲੀ ਢਾਂਚਾ ਹੈ, ਜਿਹੜਾ ਕਿ ਸਮੁੱਚੇ ਰੂਪ ਵਿੱਚ ਮੌਕੇ ਦੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਹੀ ਰਹਿੰਦਾ ਹੈ। ਬਹੁਤਾ ਕਰਕੇ ਸਿੱਖਿਆ ਦੂਜਿਆਂ ਦੀ ਰਹਿਨੁਮਾਈ ਹੇਠ ਦਿੱਤੀ ਜਾਂਦੀ ਹੈ, ਪਰ ਇਹ ਖ਼ੁਦ ਵੀ ਹਾਸਲ ਕੀਤੀ ਜਾ ਸਕਦੀ ਹੈ।ਸਿੱਖਿਆ ਨੂੰ ਆਮ ਤੌਰ 'ਤੇ ਪ੍ਰੀ-ਪ੍ਰਾਇਮਰੀ ਸਕੂਲ, ਪ੍ਰਾਇਮਰੀ ਸਕੂਲ, ਸੈਕੰਡਰੀ ਸਕੂਲ ਅਤੇ ਫਿਰ ਕਾਲਜ, ਯੂਨੀਵਰਸਿਟੀ ਦੇ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ।ਅਸੀਂ ਭਾਰਤ ਦੇ ਨਿਵਾਸੀ ਹਾਂ।ਇਸ ਲਈ ਭਾਰਤ ਦੀ ਸਿੱਖਿਆ ਪ੍ਰਣਾਲੀ ਦੀ ਚਰਚਾ ਕਰਨੀ ਬਣਦੀ ਹੈ।

1947 ਵਿੱਚ ਦੇਸ਼ ਦੀ ਅਜ਼ਾਦੀ ਤੋਂ ਲੈ ਕੇ ਭਾਰਤ ਸਰਕਾਰ ਨੇ ਸਿੱਖਿਆ ਵਿਕਸਿਤ ਕਰਨ ਲਈ ਅਨੇਕਾਂ ਪ੍ਰੋਗਰਾਮ ਬਣਾਏ। ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਨੇ ਪੂਰੇ ਦੇਸ਼ ਦੀ ਸਿੱਖਿਆ ਉੱਤੇ ਕੇਂਦਰੀ ਸਰਕਾਰ ਦਾ ਮਜ਼ਬੂਤ ਕੰਟਰੋਲ ਰੱਖਿਆ।ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਦਾ ਸੰਕਲਪ ਪੂਰਾ ਕਰਨ ਲਈ ਕੇਂਦਰ ਸਰਕਾਰ ਨੇ ਯੂਨੀਵਰਸਿਟੀ ਸਿੱਖਿਆ ਕਮਿਸ਼ਨ (1948-1949), ਸੈਕੰਡਰੀ ਸਿੱਖਿਆ ਕਮਿਸ਼ਨ (1952-1953), ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਕੋਠਾਰੀ ਕਮਿਸ਼ਨ (1964-66) ਦੀ ਸਥਾਪਨਾ ਕੀਤੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਰਕਾਰ ਨੇ ਇਸ ਲਈ ਵਿਗਿਆਨਕ ਨੀਤੀ ਲਿਆਉਣ ਦਾ ਮਤਾ ਅਪਣਾਇਆ ਸੀ। ਨਹਿਰੂ ਸਰਕਾਰ ਨੇ ਉੱਚ ਗੁਣਵੱਤਾ ਵਿਗਿਆਨਕ ਸਿੱਖਿਆ ਸੰਸਥਾਨਾਂ ਜਿਵੇਂ ਕਿ ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ ਦੇ ਵਿਕਾਸ ਦਾ ਟੀਚਾ ਮਿੱਥਿਆ। 1961 ਵਿੱਚ ਕੇਂਦਰ ਸਰਕਾਰ ਨੇ ਇੱਕ ਖ਼ੁਦਮੁਖ਼ਤਿਆਰ ਸੰਸਥਾ ਵਜੋਂ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐੱਨ.ਸੀ.ਈ.ਆਰ.ਟੀ.) ਦੀ ਸਥਾਪਨਾ ਕੀਤੀ, ਜੋ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਸਿੱਖਿਆ ਨੀਤੀਆਂ ਨੂੰ ਤਿਆਰ ਕਰਨ ਅਤੇ ਲਾਗੂ ਕਰਨ ਲਈ ਸਲਾਹ ਦੇਵੇਗੀ। ਭਾਰਤ ਵਿੱਚ ਕੋਠਾਰੀ ਕਮਿਸ਼ਨ ਦੀ ਨਿਯੁਕਤੀ ਜੁਲਾਈ, 1964 ਵਿੱਚ ਡਾਕਟਰ ਡੀ.ਐੱਸ. ਕੋਠਾਰੀ ਦੀ ਪ੍ਰਧਾਨਤਾ ਵਿੱਚ ਕੀਤੀ ਗਈ।ਕੋਠਾਰੀ ਕਮਿਸ਼ਨ ਦੀ ਰਿਪੋਰਟ (1964-1966) ਦੇ ਆਧਾਰ 'ਤੇ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ 1968 ਵਿਚ ਸਿੱਖਿਆ ਤੇ ਪਹਿਲੀ ਰਾਸ਼ਟਰੀ ਨੀਤੀ ਦਾ ਐਲਾਨ ਕੀਤਾ, ਜਿਸ ਨੇ ਰਾਸ਼ਟਰੀ ਏਕਤਾ ਅਤੇ ਸੱਭਿਆਚਾਰਕ ਅਤੇ ਆਰਥਿਕ ਵਿਕਾਸ, ਵਿੱਦਿਅਕ ਮੌਕਿਆਂ ਦੀ ਬਰਾਬਰੀ ਲਈ ਸਿੱਖਿਆ ਦੇ 'ਬੁਨਿਆਦੀ ਪੁਨਰਗਠਨ' ਦਾ ਹੋਕਾ ਦਿੱਤਾ।ਇਸ ਨੀਤੀ ਦੁਆਰਾ ਭਾਰਤ ਦੇ ਸੰਵਿਧਾਨ ਦੁਆਰਾ ਨਿਰਧਾਰਿਤ 14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਲਈ ਲਾਜ਼ਮੀ ਸਿੱਖਿਆ ਨੂੰ ਪੂਰਾ ਕਰਨ ਅਤੇ ਅਧਿਆਪਕਾਂ ਦੀ ਬਿਹਤਰ ਸਿਖਲਾਈ ਅਤੇ ਯੋਗਤਾ ਨੂੰ ਪੂਰਾ ਕਰਨ ਲਈ ਕਾਰਜ ਸ਼ੁਰੂ ਕੀਤਾ। ਇਸ ਨੀਤੀ ਨੇ ਖੇਤਰੀ ਭਾਸ਼ਾਵਾਂ ਦੀ ਸਿੱਖਿਆ 'ਤੇ ਦੇਣ ਲਈ, ਸੈਕੰਡਰੀ ਸਿੱਖਿਆ ਵਿੱਚ 'ਤਿੰਨ ਭਾਸ਼ਾ ਫਾਰਮੂਲੇ' ਨੂੰ ਲਾਗੂ ਕਰਨ ਲਈ ਕਹਿਆ, ਜਿਸ ਵਿੱਚ ਅੰਗਰੇਜ਼ੀ

ਭਾਸ਼ਾ, ਰਾਜ ਦੀ ਸਰਕਾਰੀ ਭਾਸ਼ਾ ਜਿੱਥੇ ਸਕੂਲ ਸਥਿਤ ਹੋਵੇ ਅਤੇ ਹਿੰਦੀ ਦੀ ਸਿੱਖਿਆ ਦੇਣ ਲਈ ਕਿਹਾ।ਇਸ ਨੀਤੀ ਨੇ ਹਿੰਦੀ ਦੀ ਵਰਤੋਂ ਕਰਨ ਅਤੇ ਸਿੱਖਣ ਲਈ ਕਿਹਾ ਤਾਂ ਜੋ ਸਾਰੇ ਭਾਰਤੀਆਂ ਲਈ ਇਕ ਸਾਂਝੀ ਭਾਸ਼ਾ ਨੂੰ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।1968 ਦੀ ਕੌਮੀ ਸਿੱਖਿਆ ਨੀਤੀ ਨੇ ਸਿੱਖਿਆ ਖਰਚੇ ਵਿੱਚ ਰਾਸ਼ਟਰੀ ਆਮਦਨ ਦੇ ਛੇ ਫੀਸਦ ਤੱਕ ਵਧਾਉਣ ਲਈ ਸੁਝਾਅ ਦਿੱਤਾ। ਜਨਵਰੀ, 1985 ਵਿਚ ਇਕ ਨਵੀਂ ਨੀਤੀ ਦਾ ਵਿਕਾਸ ਕਰਨ ਦਾ ਐਲਾਨ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਨੇ ਮਈ 1986 ਵਿਚ ਇਕ ਨਵੀਂ ਕੌਮੀ ਸਿੱਖਿਆ ਨੀਤੀ ਅਪਣਾਈ। ਨਵੀਂ ਨੀਤੀ ਵਿਚ ਖਾਸ ਤੌਰ 'ਤੇ ਭਾਰਤੀ ਔਰਤਾਂ, ਅਨੁਸੂਚਿਤ ਕਬੀਲੇ (ਐੱਸ.ਟੀ.) ਅਤੇ ਅਨੁਸੂਚਿਤ ਜਾਤੀ (ਐੱਸ.ਸੀ.) ਫ਼ਿਰਕਿਆਂ ਲਈ ਨਾਬਰਾਬਰੀ ਨੂੰ ਦੂਰ ਕਰਨ ਅਤੇ ਵਿੱਦਿਅਕ ਮੌਕੇ ਬਰਾਬਰ ਕਰਨ ਲਈ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਅਜਿਹੇ ਸਮਾਜਿਕ ਏਕੀਕਰਨ ਨੂੰ ਹਾਸਲ ਕਰਨ ਲਈ ਸਿੱਖਿਆ ਨੀਤੀ ਨੇ ਸਿੱਖਿਆ ਵਜ਼ੀਫੇ ਵਧਾਉਣ, ਅਨੁਸੂਚਿਤ ਜਾਤੀ ਦੇ ਹੋਰ ਅਧਿਆਪਕਾਂ ਦੀ ਭਰਤੀ ਕਰਨ, ਗ਼ਰੀਬ ਪਰਵਾਰਾਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਨਿਯਮਿਤ ਤੌਰ 'ਤੇ ਭੇਜਣ ਲਈ ਪ੍ਰੇਰਿਤ ਕਰਨ ਲਈ ਮਦਦ ਦੇਣ, ਨਵੇਂ ਸੰਸਥਾਨਾਂ ਦਾ ਵਿਕਾਸ ਅਤੇ ਉੱਥੇ ਰਿਹਾਇਸ਼ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਕਿਹਾ। ਇਸ ਨੀਤੀ ਨੇ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਨਾਲ ਓਪਨ ਯੂਨੀਵਰਸਿਟੀ ਪ੍ਰਣਾਲੀ ਦਾ ਵਿਸਥਾਰ ਕੀਤਾ, ਜੋ 1985 ਵਿਚ ਬਣਾਈ ਗਈ ਸੀ। ਪੇਂਡੂ ਭਾਰਤ ਦੇ ਦਿਹਾਤੀ ਪੱਧਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ 'ਪੇਂਡੂ ਯੂਨੀਵਰਸਿਟੀ' ਮਾਡਲ ਦੀ ਸਿਰਜਣਾ ਲਈ ਵੀ ਕਿਹਾ ਗਿਆ। 1986 ਦੀ ਸਿੱਖਿਆ ਨੀਤੀ ਵਿੱਚ ਸਿੱਖਿਆ 'ਤੇ ਕੁਲ ਘਰੇਲੂ ਉਤਪਾਦ ਦਾ 6% ਖਰਚ ਕਰਨ ਦੀ ਉਮੀਦ ਕੀਤੀ ਸੀ।1986 ਵਿੱਚ ਪੀ.ਵੀ. ਨਰਸਿਮਹਾ ਰਾਓ ਸਰਕਾਰ ਨੇ ਸਿੱਖਿਆ 'ਤੇ ਕੌਮੀ ਨੀਤੀ ਨੂੰ ਸੋਧਿਆ। 2005 ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਪਣੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਸਰਕਾਰ ਦੇ 'ਘੱਟੋ-ਘੱਟ ਆਮ ਪ੍ਰੋਗਰਾਮ' 'ਤੇ ਆਧਾਰਤ ਨਵੀਂ ਨੀਤੀ ਅਪਣਾਈ। ਪ੍ਰੋਗਰਾਮ ਆਫ ਐਕਸ਼ਨ (ਪੀ ਓ ਏ), 1992 ਦੇ ਤਹਿਤ ਦੇਸ਼ ਵਿਚ ਪੇਸ਼ੇਵਰਾਨਾ ਅਤੇ ਤਕਨੀਕੀ ਪ੍ਰੋਗਰਾਮਾਂ ਵਿਚ ਦਾਖਲਾ ਲੈਣ ਲਈ ਰਾਸ਼ਟਰੀ ਪੱਧਰ 'ਤੇ ਸਿੱਖਿਆ (ਐੱਨ ਪੀ ਈ), 1986 ਨੇ ਸਾਰੇ ਭਾਰਤ ਦੇ ਆਧਾਰ 'ਤੇ ਇਕ ਆਮ ਦਾਖਲਾ ਪ੍ਰੀਖਿਆ ਦਾ ਆਯੋਜਨ ਕੀਤਾ।ਭਾਰਤ ਸਰਕਾਰ ਨੇ 2017 ਵਿੱਚ ਕੇ. ਕਸਤੂਰੀਰੰਗਨ ਦੀ ਅਗਵਾਈ ਵਿੱਚ ਨਵੀਂ ਕੌਮੀ ਸਿੱਖਿਆ ਨੀਤੀ ਦਾ ਖਰੜਾ ਤਿਆਰ ਕਰਨ ਲਈ ਇੱਕ ਕਮੇਟੀ ਨਿਯੁਕਤ ਕੀਤੀ, ਜੋ ਜੁਲਾਈ 2020 ਵਿੱਚ 'ਕੌਮੀ ਸਿੱਖਿਆ ਨੀਤੀ-2020' ਦੇ ਨਾਂਅ 'ਤੇ ਪਾਸ ਹੋਈ। ਇਸ ਨੀਤੀ ਦਾ ਉਦੇਸ਼ ਕਿੱਤਾਮੁਖੀ ਸਿੱਖਿਆ ਨਾਲ ਜੁੜੇ ਸਮਾਜਿਕ ਰੁਤਬੇ ਦੀ ਸ਼੍ਰੇਣੀ ਤੇ ਪਾਰ ਪਾਉਣਾ ਹੈ ਅਤੇ ਕਿੱਤਾਮ

7-April-Sunday.qxd 4/6/2024 10:25 PM Page 5

ਚੋਣ-ਜੰਗ ਨੂੰ ਜਦੋਂ ਜੰਗ ਮੰਨ ਲਓ ਤਾਂ ਅਸੂਲ-ਨਿਯਮ ਬਾਰੇ ਸੋਚਣ ਦੀ ਲੋੜ ਨਹੀਂ ਰਹਿੰਦੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਚੋਣਾਂ ਨੂੰ ਆਮ ਬੋਲੀ ਵਿੱਚ ਅੱਜ ਦੇ ਯੁੱਗ ਦੀ ਸੱਤਾ-ਜੰਗ ਕਿਹਾ ਜਾਂਦਾ ਹੈ। ਇਹ ਸੱਚ ਵੀ ਹੈ। ਪੁਰਾਤਨ ਵਕਤਾਂ ਤੋਂ ਲੈ ਕੇ ਜਿੰਨੇ ਵੀ ਰਾਜੇ-ਮਹਾਰਾਜੇ ਹੋਏ ਹਨ, ਉਹ ਸਭ ਆਪਣੇ ਦੇਸ਼ ਜਾਂ ਰਾਜ ਦੇ ਤਖਤ ਉੱਤੇ ਕਬਜ਼ੇ ਲਈ ਜੰਗਾਂ ਲੜਦੇ ਹੁੰਦੇ ਸਨ। ਕਈ ਵਾਰ ਨਿੱਕੀ ਜਿਹੀ ਗੱਲ ਦਾ ਬਹਾਨਾ ਬਣਾ ਕੇ ਸੱਤਾ ਲਈ ਜੰਗ ਲੜੀ ਜਾਂਦੀ ਸੀ ਅਤੇ ਸੱਤਾ ਦੇ ਭੁੱਖੇ ਇੱਕ ਜਾਂ ਦੂਸਰੇ ਵਿਅਕਤੀ ਦੀ ਅਣਖ ਦਾ ਸਵਾਲ ਬਣੀ ਉਹ ਜੰਗ ਫਿਰ ਉਸ ਰਾਜ ਦੇ ਲੋਕਾਂ ਦੀ ਅਣਖ ਦਾ ਇਹੋ ਜਿਹਾ ਸਵਾਲ ਬਣਾਈ ਜਾਂਦੀ ਸੀ, ਜਿਸ ਵਿੱਚ ਮਰਦੇ ਆਮ ਲੋਕ ਸਨ ਅਤੇ ਰਾਜ ਕਰਨ ਦਾ ਮੌਕਾ ਜੰਗ ਦੀ ਚਿੰਗਾੜੀ ਬਾਲਣ ਵਾਲਾ ਰਾਜਾ ਜਾਂ ਉਸ ਦਾ ਵਿਰੋਧੀ ਕੋਈ ਸੱਤਾ ਦਾ ਭੁੱਖਾ ਲੈ ਜਾਂਦਾ ਸੀ। ਜਿੰਨਾ ਵੱਧ ਖੂਨ ਵਗ ਜਾਂਦਾ ਜਾਂ ਅਸਲ ਵਿੱਚ ਵਗਾਇਆ ਜਾਂਦਾ ਸੀ, ਓਨਾ ਵੱਧ ਉਸ ਰਾਜੇ ਦਾ ਰਾਜ ਪੱਕਾ ਹੋ ਜਾਂਦਾ ਸੀ ਅਤੇ ਕਈ ਵਾਰੀ ਉਹ ਰਾਜ ਏਨਾ ਪੱਕਾ ਹੋ ਜਾਂਦਾ ਸੀ ਕਿ ਅਗਲੀ ਪੀੜ੍ਹੀ ਨਹੀਂ, ਅਗਲੀਆਂ ਕਈ ਪੀੜ੍ਹੀਆਂ ਵੀ ਐਸ਼ ਦੀ ਜ਼ਿੰਦਗੀ ਜਿਊਂਦੀਆਂ ਤੇ ਲੋਕਾਂ ਦਾ ਖੂਨ ਪੀਂਦੀਆਂ ਸਨ। ਬਹੁਤ ਸਾਰੇ ਮਹਾਨ ਕਹੇ ਜਾਂਦੇ ਰਾਜਿਆਂ ਤੇ ਮਹਾਰਾਜਿਆਂ ਨੇ ਆਪਣੇ ਭਾਈਚਾਰੇ ਅਤੇ ਕਈ ਵਾਰੀ ਉਨ੍ਹਾਂ ਦੇ ਆਪਣੇ ਪਰਵਾਰ ਦੇ ਲੋਕਾਂ ਦਾ ਵੀ ਲਹੂ ਵਗਾ ਕੇ ਏਦਾਂ ਦਾ ਰਾਜ ਮਾਣਿਆ ਸੀ। ਲੋਕਤੰਤਰੀ ਜੰਗ ਵਿੱਚ ਵੀ ਇਹ ਕੁਝ ਹੋ ਸਕਦਾ ਹੈ।

ਅਸੀਂ ਇਹ ਗੱਲ ਰੱਦ ਨਹੀਂ ਕਰਦੇ ਕਿ ਹਰ ਰਾਜ-ਕਰਤਾ ਸਿਰਫ ਤੇ ਸਿਰਫ ਖੂਨ ਵਗਾ ਕੇ ਅੱਗੇ ਨਹੀਂ ਆਉਂਦਾ, ਕਈ ਵਾਰ ਕੁਝ ਆਗੂ ਆਪਣੀ ਹਰਮਨ-ਪਿਆਰਤਾ ਨਾਲ ਵੀ ਅੱਗੇ ਆਉਂਦੇ ਹਨ, ਪਰ ਬੀਤੇ ਦਾ ਤਜਰਬਾ ਜਿਹੜੀਆਂ ਮਿਸਾਲਾਂ ਸੰਭਾਲੀ ਬੈਠਾ ਹੈ, ਉਨ੍ਹਾਂ ਵਿੱਚ ਬੇਗਾਨਾ ਖੂਨ ਵਗਾ ਕੇ ਖੁਦ ਉਸ ਦਾ ਲਾਹਾ ਲੈਣ ਦੀਆਂ ਵੱਧ ਹਨ। ਲੋਕਤੰਤਰੀ ਦੌਰ ਵਿੱਚ ਵੀ ਇਹ ਦੋਵੇਂ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਅੱਜਕੱਲ੍ਹ ਭਾਰਤ ਹੋਵੇ ਜਾਂ ਅਮਰੀਕਾ, ਲੀਡਰਾਂ ਸਿਰ ਸੱਤਾ ਦਾ ਨਸ਼ਾ ਏਨੀ ਬੁਰੀ ਤਰ੍ਹਾਂ ਸਵਾਰ ਹੈ ਕਿ ਉਹ ਕਿਸੇ ਵੀ ਹੱਦ ਤੱਕ ਜਾਣ ਅਤੇ ਕੁਝ ਵੀ ਕਰ ਕੇ ਸੱਤਾ ਹਾਸਲ ਕਰਨ ਨੂੰ ਕਾਹਲੇ ਹਨ। ਭਾਰਤੀ ਪਾਰਲੀਮੈਂਟ ਚੋਣ ਵੀ ਦੇਸ਼ ਨੂੰ ਇਸੇ ਰਾਹੇ ਪਾ ਸਕਦੀ ਹੈ। ਇਸੇ ਕਰ ਕੇ ਆਮ ਜਨਤਾ ਦੇ ਮੂਲ ਮੁੱਦਿਆਂ ਦੀ ਥੋੜ੍ਹੀ ਜਿਹੀ ਚਰਚਾ ਅਤੇ ਉਹ ਵੀ ਬਹੁਤਾ ਕਰ ਕੇ ਗੁੰਮਰਾਹ ਕਰਨ ਵਾਲੀ ਹੁੰਦੀ ਹੈ ਤੇ ਬਹੁਤਾ ਕਰ ਕੇ ਉਨ੍ਹਾਂ ਨੂੰ ਦੂਸਰੇ ਭਾਈਚਾਰੇ ਜਾਂ ਦੂਸਰੀ ਵਿਚਾਰਧਾਰਾ ਦੇ ਵਿਰੁੱਧ ਉਕਸਾ ਕੇ ਲੜਨ ਵਾਲਾ ਜਨੂੰਨ ਭਰਨ ਦਾ ਜ਼ੋਰ ਲਾਇਆ ਜਾਂਦਾ ਹੈ। ਕਲਾਕਾਰਾਂ ਨੂੰ ਅਸੀਂ ਬੜੇ ਕੋਮਲ-ਭਾਵੀ ਸਮਝਿਆ ਕਰਦੇ ਸਾਂ, ਪਰ ਇਸ ਵਕਤ ਕਲਾਕਾਰਾਂ ਵਿੱਚੋਂ ਵੀ ਕਈ ਜਣੇ ਚੋਣ-ਜੰਗ ਵਿੱਚ ਇੱਕ ਜਾਂ ਦੂਸਰੇ ਰਾਜਸੀ ਆਗੂ ਦੇ ਹੱਥ-ਠੋਕੇ ਬਣਨ ਕਰ ਕੇ ਆਮ ਲੋਕਾਂ ਦਾ ਘਾਣ ਕਰਨ ਦੇ ਰਾਹ ਪਏ ਫਿਰਦੇ ਹਨ ਜਾਂ ਹਕੂਮਤੀ ਜਲੌਅ ਨੇ ਉਨ੍ਹਾਂ ਦੀਆਂ ਅੱਖਾਂ ਇਸ ਹੱਦ ਤੱਕ ਚੁੰਧਿਆ ਦਿੱਤੀਆਂ ਹਨ ਕਿ ਉਹ ਵੀ ਸੱਤਾ ਹਾਸਲ ਕਰਨ ਦਾ ਸੁਫਨਾ ਪੂਰਾ ਕਰਨ ਲਈ ਹਰ ਹੱਦ ਟੱਪ ਜਾਣ ਵਾਸਤੇ ਤਿਆਰ ਹਨ। ਜੰਮੂ-ਕਸ਼ਮੀਰ ਦੇ ਮਾੜੇ ਹਾਲਾਤ ਬਾਰੇ ਇੱਕਤਰਫਾ ਫਿਲਮਾਂ ਬਣਾਉਣ ਦੇ ਬਾਅਦ ਕੇਰਲਾ ਦੇ ਹਾਲਾਤ ਬਾਰੇ ਓਦਾਂ ਦੀ ਇੱਕਤਰਫਾ ਫਿਲਮ ਬਣਾ ਕੇ ਚੋਣਾਂ ਦੌਰਾਨ ਉਸ ਦੀ ਚਰਚਾ ਛੇੜਨਾ ਵੀ ਇਸੇ ਘਟੀਆ ਕਿਸਮ ਦੀ ਸੱਤਾ-ਪ੍ਰਾਪਤੀ ਦੀ ਖਾਹਿਸ਼ ਦਾ ਹਿੱਸਾ ਹੈ।

ਐਨ ਚੋਣਾਂ ਨੇੜੇ ਆਣ ਕੇ ਅਲਾਹਾਬਾਦ ਹਾਈ ਕੋਰਟ ਦਾ ਇਹ ਫੈਸਲਾ ਆ ਗਿਆ ਕਿ ਉੱਤਰ ਪ੍ਰਦੇਸ਼ ਦਾ ਪੈਂਤੀ ਕੁ ਸਾਲ ਪਹਿਲਾਂ ਬਣਾਇਆ ਮਦਰੱਸਾ ਐਕਟ ਗਲਤ ਸੀ। ਇਸ ਐਕਟ ਬਾਰੇ ਕੇਸ ਅਦਾਲਤ ਵਿੱਚ ਜਾਣ ਵੇਲੇ ਉਸ ਰਾਜ ਦੀ ਸਰਕਾਰ ਨੇ ਪੂਰੀ ਪੈਰਵੀ ਨਹੀਂ ਸੀ ਕੀਤੀ ਅਤੇ ਅਦਾਲਤ ਨੇ ਐਕਟ ਵਿਰੁੱਧ ਹੁਕਮ ਦੇ ਦਿੱਤਾ। ਓਥੋਂ ਹੁਕਮ ਮਿਲਦੇ ਸਾਰ ਮਦਰੱਸੇ ਬੰਦ ਕਰਨ ਦੀ ਤਿਆਰੀ ਕੀਤੀ ਜਾਣ ਲੱਗ ਪਈ। ਮੁੱਦਾ ਸੁਪਰੀਮ ਕੋਰਟ ਪਹੁੰਚ ਗਿਆ। ਜਿਹੜੇ ਵਕੀਲਾਂ ਨੇ ਓਥੇ ਇਸ ਹੁਕਮ ਦਾ ਵਿਰੋਧ ਕੀਤਾ, ਉਨ੍ਹਾਂ ਵਿੱਚੋਂ ਇੱਕ ਜਣਾ ਪਹਿਲਾਂ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਵਕੀਲ ਰਹਿ ਚੁੱਕਾ ਸੀ, ਪਰ ਇਸ ਵਾਰੀ ਉਹ ਵਕੀਲ ਵਜੋਂ ਦੂਸਰੇ ਪੱਖ ਤੋਂ ਪੇਸ਼ ਹੋਇਆ ਤਾਂ ਕੋਰਟ ਵਿੱਚ ਨਕਸ਼ਾ ਹੀ ਪਲਟ ਗਿਆ। ਮਦਰੱਸਿਆਂ ਖਿਲਾਫ ਵੱਡੀ ਗੱਲ ਇਹ ਆਖੀ ਜਾ ਰਹੀ ਸੀ ਕਿ ਧਰਮ ਨਿਰਪੱਖ ਦੇਸ਼ ਵਿੱਚ ਕਿਸੇ ਇੱਕ ਧਰਮ ਦੀ ਪੜ੍ਹਾਈ ਕਰਾਉਣ ਲਈ ਸਿੱਖਿਅਕ ਅਦਾਰੇ ਚਲਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਆਪਣੀ ਸੋਚ ਦੇ ਪੱਖੋਂ ਇਨ੍ਹਾਂ ਸਤਰਾਂ ਦਾ ਲੇਖਕ ਮੁੱਢਲੇ ਦਿਨਾਂ ਤੋਂ ਇਸ ਗੱਲ ਦਾ ਹਮਾਇਤੀ ਹੈ ਕਿ ਧਰਮ ਨਿਰਪੱਖ ਦੇਸ਼ ਵਿੱਚ ਸਮੁੱਚੇ ਪ੍ਰਬੰਧ ਨੂੰ, ਜਿਸ ਵਿੱਚ ਵਿੱਦਿਅਕ ਅਦਾਰੇ ਸ਼ਾਮਲ ਹਨ, ਕਿਸੇ ਵੀ ਧਰਮ ਦੇ ਪੱਖ ਵਿੱਚ ਵਰਤਣ ਦੀ ਗੁੰਜਾਇਸ਼ ਨਹੀਂ ਚਾਹੀਦੀ, ਪਰ ਇਹ ਨਿਯਮ ਇਕਸਾਰ ਹੋਣਾ ਚਾਹੀਦਾ ਹੈ। ਕਿਸੇ ਇਕੱਲੇ ਧਰਮ ਬਾਰੇ ਇਹ ਨਿਯਮ ਲਾਗੂ ਕਰਨਾ ਤੇ ਦੂਸਰੇ ਧਰਮ ਨੂੰ ਇਸ ਨਿਯਮ ਤੋਂ ਛੋਟ ਦੇ ਦੇਣੀ ਵੀ ਧਰਮ ਨਿਰਪੱਖਤਾ ਨਹੀਂ ਹੋ ਸਕਦੀ। ਸੁਪਰੀਮ ਕੋਰਟ ਵਿੱਚ ਇਹੋ ਗੱਲ ਇਸ ਕੇਸ ਦੇ ਸੰਬੰਧ ਵਿੱਚ ਜ਼ੋਰ ਨਾਲ ਦੱਸੀ ਗਈ ਕਿ ਇਕੱਲੇ ਮਦਰੱਸੇ ਨਹੀਂ, ਭਾਰਤ ਵਿੱਚ ਕਈ ਧਰਮਾਂ ਦੇ ਵਿੱਦਿਅਕ ਅਦਾਰੇ ਏਸੇ ਤਰ੍ਹਾਂ ਚਲਦੇ ਹਨ, ਜਿੱਥੇ ਸਰਕਾਰ ਵੱਲੋਂ ਬਣਾਏ ਗਏ ਸਿਲੇਬਸ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ ਤੇ ਆਪੋ-ਆਪਣੇ ਧਰਮ ਬਾਰੇ ਵੀ ਅਗਲੀ ਪੀੜ੍ਹੀ ਦੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਘੱਟ-ਗਿਣਤੀ ਭਾਈਚਾਰਿਆਂ ਦੇ ਸਕੂਲਾਂ ਤੇ ਕਾਲਜਾਂ, ਅੱਜਕੱਲ੍ਹ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵੀ ਬਣ ਗਈਆਂ ਹਨ, ਵਿੱਚ ਏਸੇ ਤਰ੍ਹਾਂ ਕੀਤਾ ਜਾਂਦਾ ਹੈ ਤੇ ਇਸ ਨੂੰ ਕਦੇ ਗਲਤ ਨਹੀਂ ਮੰਨਿਆ ਜਾਂਦਾ। ਸਿਰਫ ਇੱਕ ਖਾਸ ਧਰਮ ਨੂੰ ਮੁੱਦਾ ਬਣਾ ਦਿੱਤਾ ਗਿਆ ਤਾਂ ਇਹ ਅਸਲ ਵਿੱਚ ਚੋਣ ਪੈਂਤੜਾ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ।

ਜਦੋਂ ਇਹ ਰੋਕ ਲਾਈ ਗਈ, ਐਨ ਓਸੇ ਦਿਨ ਓਸੇ ਰਾਜ ਦੇ ਮੁੱਖ ਮੰਤਰੀ ਦਾ ਇੱਕ ਬਿਆਨ ਆਇਆ ਹੈ, ਜਿਸ ਦਾ ਸੰਬੰਧ ਇਸ ਮੁਕੱਦਮੇ ਨਾਲ ਬੇਸ਼ੱਕ ਨਹੀਂ ਜੋੜਿਆ ਜਾ ਸਕਦਾ, ਪਰ ਇਸ ਕੇਸ ਪਿੱਛੇ ਕੰਮ ਕਰਦੀ ਵਿਚਾਰਧਾਰਾ ਨਾਲ ਜੁੜ ਸਕਦਾ ਹੈ। ਮੀਡੀਆ ਮੁਤਾਬਕ ਉਸ ਨੇ ਕਿਹਾ ਹੈ ਕਿ ਅਯੁੱਧਿਆ ਅਤੇ ਕਾਸ਼ੀ ਵਿੱਚ ਕੀਤਾ ਜਾਣ ਵਾਲਾ ਕੰਮ ਹੋ ਚੁੱਕਾ ਹੈ ਅਤੇ ਇਸ ਦੇ ਬਾਅਦ ਮਥਰਾ ਵਾਲਾ ਕੰਮ ਕਰਨਾ ਰਹਿੰਦਾ ਹੈ। ਇੱਕ ਫਿਲਮੀ ਗੀਤ ਇੱਕ ਵਾਰੀ ਬੜਾ ਚੱਲਿਆ ਸੀ ਕਿ 'ਇਸ਼ਾਰੋਂ ਕੋ ਅਗਰ ਸਮਝੋ, ਰਾਜ਼ ਕੋ ਰਾਜ਼ ਰਹਿਨੇ ਦੋ।' ਇਸ ਮਾਮਲੇ ਵਿੱਚ ਵੀ ਇਹੋ ਗੱਲ ਕਹਿ ਦਿੱਤੀ ਜਾਵੇ ਤਾਂ ਬਾਹਲੇ ਵਖਿਆਨ ਤੋਂ ਬਚਿਆ ਜਾ ਸਕਦਾ ਹੈ। ਅਯੁੱਧਿਆ ਦੀ ਬਾਬਰੀ ਮਸਜਿਦ ਦੀ ਚਰਚਾ ਜਦੋਂ ਚੱਲੀ ਸੀ, ਓਦੋਂ ਵੀ ਭਾਜਪਾ ਦੇ ਆਗੂਆਂ ਨੇ ਇਕੱਠੀ ਕੀਤੀ ਭੀੜ ਤੋਂ 'ਰਾਮਾ, ਕ੍ਰਿਸ਼ਨਾ, ਵਿਸ਼ਵਨਾਥ, ਤੀਨੋਂ ਲੇਂਗੇ ਏਕ ਸਾਥ' ਦੇ ਨਾਅਰੇ ਲਵਾਏ ਸਨ ਤੇ ਦੇਸ਼ ਦੇ ਲੋਕਾਂ ਨੂੰ ਇਸ ਇਸ਼ਾਰੇ ਦੀ ਸਾਫ ਸਮਝ ਆ ਗਈ ਸੀ ਕਿ ਗੱਲ ਇਕੱਲੀ ਬਾਬਰੀ ਮਸਜਿਦ ਢਾਹੁਣ ਤੱਕ ਸੀਮਤ ਨਹੀਂ, ਦੋ ਹੋਰ ਮਸਜਿਦਾਂ ਬਾਰੇ ਵੀ ਇਸ ਤਰ੍ਹਾਂ ਦੀ ਨੀਤੀ ਅਗੇਤੀ ਬਣ ਚੁੱਕੀ ਹੈ। ਉਸ ਨਾਅਰੇ ਵਾਲੀ ਸੋਚ ਨੂੰ ਅੱਜਕੱਲ੍ਹ ਉਸ ਰਾਜ ਵਿੱਚ ਉਸ ਵਿਚਾਰਧਾਰਾ ਦੇ ਲੋਕ ਆਪਣੇ ਹਿਸਾਬ ਨਾਲ ਲਗਾਤਾਰ ਅੱਗੇ ਵਧਾ ਰਹੇ ਹਨ।

ਏਨਾ ਕੁਝ ਕਹਿਣ-ਸੁਣਨ ਦੇ ਬਾਅਦ ਗੱਲ ਫਿਰ ਉਸ ਮੁੱਦੇ ਵੱਲ ਮੁੜ ਪੈਂਦੀ ਹੈ ਕਿ ਭਾਰਤੀ ਪਾਰਲੀਮੈਂਟ ਦੀ ਚੋਣ ਬੇਸ਼ੱਕ ਚੋਣਾਂ ਦੀ ਜੰਗ ਹੈ, ਪਰ ਅਮਲ ਵਿੱਚ ਇਸ ਨੂੰ ਆਮ ਲੋਕ ਇੱਕ ਹੋਰ ਜੰਗ ਕਹਿੰਦੇ ਹਨ ਤੇ ਇਹ ਸੱਚਮੁੱਚ ਦੀ ਜੰਗ ਬਣਦੀ ਜਾਂਦੀ ਹੈ। ਇਹ ਜੰਗ ਜਿੱਤਣ ਲਈ ਚਾਹਵਾਨ ਦੋਵੇਂ ਧਿਰਾਂ ਵਾਲੇ ਲੋਕ ਹਨ। ਜਿਨ੍ਹਾਂ ਕੋਲ ਇਸ ਵੇਲੇ ਸੱਤਾ ਹੈ, ਉਹ ਵੀ ਇਸ ਨੂੰ ਜਿੱਤਣਾ ਚਾਹੁੰਦੇ ਹਨ, ਤਾਂ ਕਿ ਸੱਤਾ ਦਾ ਸ਼ਾਹੀ ਤਖਤ ਛੱਡਣਾ ਨਾ ਪਵੇ ਤੇ ਜਿਹੜੇ ਲੋਕ ਸੱਤਾ ਤੋਂ ਬਾਹਰ ਹਨ, ਉਹ ਵੀ ਜਿੱਤਣ ਲਈ ਹਰ ਕੋਈ ਹੀਲਾ ਵਰਤਣਾ ਚਾਹੁੰਦੇ ਹਨ। ਜਦੋਂ ਗੱਲ 'ਹਰ ਹੀਲਾ' ਵਰਤਣ ਦੀ ਸਥਿਤੀ ਤੱਕ ਪਹੁੰਚ ਜਾਂਦੀ ਹੈ, ਫਿਰ ਇਸ ਵਕਤ ਦੀ ਸੱਤਾਧਾਰੀ ਧਿਰ ਕੋਲ ਬਾਕੀ ਧਿਰਾਂ ਨਾਲੋਂ 'ਹੀਲਾ' ਕਰਨ ਵਾਲਾ ਵਸੀਲਾ ਬਣਨ ਵਾਲੀਆਂ ਕੇਂਦਰੀ ਏਜੰਸੀਆਂ ਸਿਰਫ ਸਰਕਾਰੀ ਏਜੰਸੀਆਂ ਨਹੀਂ ਰਹਿੰਦੀਆਂ, ਉਹ ਜੰਗ ਵਿੱਚ ਰਾਜ ਕਰਦੀ ਧਿਰ ਲਈ ਲੜਾਈ ਦਾ ਇੱਕ ਹਥਿਆਰ ਵੀ ਬਣ ਸਕਦੀਆਂ ਹਨ ਤੇ ਮੈਦਾਨੀ ਹਮਲਾ ਕਰਨ ਵਾਸਤੇ ਵਰਤੀ ਜਾਣ ਵਾਲੀ ਪਿਆਦਾ ਪਲਟਣ ਵਾਲਾ ਕੰਮ ਵੀ ਕਰ ਸਕਦੀਆਂ ਹਨ। ਭਾਰਤ ਨੂੰ ਆਜ਼ਾਦੀ ਮਿਲਣ ਪਿੱਛੋਂ ਪੰਜ ਸਾਲਾ ਯੋਜਨਾਵਾਂ ਵਾਂਗ ਚਲਦੀ ਆਈ ਇਸ ਚੋਣ ਜੰਗ ਵਿੱਚ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਅਮਲ ਕਦੋਂ ਸ਼ੁਰੂ ਹੋਇਆ ਸੀ, ਇਸ ਦਾ ਇਤਿਹਾਸ ਖੋਜ ਸਕਣਾ ਕਿਸੇ ਦੇ ਵੱਸਦਾ ਨਹੀਂ ਜਾਪਦਾ, ਪਰ ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਇਨ੍ਹਾਂ ਏਜੰਸੀਆਂ ਦੀ ਜਿੰਨੀ ਦੁਰਵਰਤੋਂ ਇਸ ਵਕਤ ਦੀ ਸੱਤਾਧਾਰੀ ਧਿਰ ਕਰਦੀ ਪਈ ਹੈ, ਏਨੀ ਅੱਜ ਤੱਕ ਕਦੀ ਨਹੀਂ ਸੀ ਹੋਈ, ਭਵਿੱਖ ਦਾ ਪਤਾ ਨਹੀਂ।

ਇਸ ਵਾਰ ਦੀ ਚੋਣ ਜੰਗ ਜਿੱਤਣ ਲਈ ਕੇਂਦਰੀ ਏਜੰਸੀਆਂ ਜਿਸ ਤਰ੍ਹਾਂ ਵਿਹਾਰ ਕਰ ਰਹੀਆਂ ਹਨ, ਉਨ੍ਹਾਂ ਨੂੰ ਵੇਖ ਕੇ ਲੱਗਦਾ ਹੈ ਕਿ ਉਹ ਇਸ ਦੀ ਤਿਆਰੀ ਚਿਰਾਂ ਤੋਂ ਕਰਦੀਆਂ ਪਈਆਂ ਸਨ। ਇਹ ਕਹਿਣਾ ਔਖਾ ਹੈ ਕਿ ਸਭ ਏਜੰਸੀਆਂ ਨੂੰ ਆਪਣੇ ਫਰਜ਼ਾਂ ਦੀ ਪੂਰਤੀ ਅਚਾਨਕ ਇੱਕੋ ਵਾਰ ਯਾਦ ਆਈ ਹੈ ਅਤੇ ਉਹ ਵੀ ਉਸ ਵੇਲੇ ਯਾਦ ਆਈ ਹੈ, ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਆਣ ਪੁੱਜੀਆਂ ਸਨ। ਇਨਕਮ ਟੈਕਸ ਵਿਭਾਗ ਨੂੰ ਚੇਤਾ ਆ ਗਿਆ ਕਿ ਪੰਜ ਕੁ ਸਾਲਾਂ ਤੋਂ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਵਾਲਿਆਂ ਨੇ ਐਨੇ ਸਾਲਾਂ ਦਾ ਟੈਕਸ ਨਹੀਂ ਭਰਿਆ ਤੇ ਟੈਕਸ ਦੇ ਨਾਲ ਜੁਰਮਾਨੇ ਤੇ ਉਸ ਜੁਰਮਾਨੇ ਉੱਤੇ ਵਿਆਜ ਸਮੇਤ ਬਣਦੀ ਰਕਮ ਦਾ ਨੋਟਿਸ ਭੇਜਣ ਦੀ ਲੋੜ ਹੈ। ਧਮਕੜੇ ਪਾਈ ਫਿਰਨ ਦੇ ਬਾਅਦ ਜਦੋਂ ਇਹ ਗੱਲ ਖੁੱਲ੍ਹੀ ਕਿ ਇਹੋ ਮੁੱਦਾ ਅਤੇ ਇਸ ਤੋਂ ਵੱਡਾ ਇਹੋ ਮੁੱਦਾ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਖਿਲਾਫ ਵੀ ਬਣਦਾ ਹੈ ਤਾਂ ਇਨਕਮ ਟੈਕਸ ਵਾਲਿਆਂ ਨੇ ਸੁਪਰੀਮ ਕੋਰਟ ਵਿੱਚ ਇਹ ਕਹਿ ਦਿੱਤਾ ਹੈ ਕਿ ਚੋਣਾਂ ਸਿਰੇ ਲੱਗਣ ਤੱਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਨਫੋਰਸਮੈਂਟ ਡਾਇਰੈਕਟੋਰੇਟ ਯਾਨਿ ਕਿ ਈ ਡੀ ਦੀਆਂ ਟੀਮਾਂ ਨੂੰ ਦਿੱਲੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਧੀ ਰਾਤ ਜਾ ਕੇ ਉਸ ਦੇ ਘਰੋਂ ਫੜ ਲਿਆਉਣ ਦੀ ਕਾਹਲੀ ਕਿਸ ਦੇ ਕਹਿਣ ਉੱਤੇ ਕਰਨੀ ਪਈ, ਇਹ ਵੀ ਦੇਸ਼ ਦੇ ਲੋਕਾਂ ਦੇ ਪੱਲੇ ਨਹੀਂ ਪੈ ਸਕਿਆ। ਉਸ ਖਿਲਾਫ ਬਿਆਨ ਦੇ ਕੇ ਵਾਅਦਾ-ਮੁਆਫ ਗਵਾਹ ਬਣਨ ਵਾਲਾ ਬੰਦਾ ਭਾਜਪਾ ਨੂੰ ਚੋਣ ਫੰਡ ਦੇ ਬਾਂਡ ਦੇਣ ਦਾ ਸੌਦਾ ਮਾਰਨ ਪਿੱਛੋਂ ਜੇਲ੍ਹ ਤੋਂ ਨਿਕਲਿਆ ਹੈ, ਪਰ ਉਸ ਨੂੰ ਭਾਜਪਾ ਗਠਜੋੜ ਦੀ ਇੱਕ ਪਾਰਟੀ ਨੇ ਲੋਕ ਸਭਾ ਚੋਣ ਲਈ ਉਮੀਦਵਾਰ ਬਣਾ ਲਿਆ ਹੈ। ਅਦਾਲਤਾਂ ਵਿੱਚ ਜਾ ਕੇ ਇਨ੍ਹਾਂ ਜਾਂਚ ਏਜੰਸੀਆਂ ਦੇ ਅਫਸਰਾਂ ਦੇ ਬਿਆਨ ਵੀ ਆਪਸ ਵਿੱਚ ਨਹੀਂ ਮਿਲਦੇ।

ਜੰਗ ਤਾਂ ਜੰਗ ਹੁੰਦੀ ਹੈ ਅਤੇ ਜੰਗ ਤੇ ਇਸ਼ਕ ਵਿੱਚ ਸਭ ਜਾਇਜ਼ ਕਿਹਾ ਜਾਂਦਾ ਹੈ, ਪਰ ਹਰ ਕਿਸੇ ਜੰਗ ਵਿੱਚ ਕੁਝ ਲੋਕ-ਲਾਜ ਚੇਤੇ ਰੱਖੀ ਜਾਂਦੀ ਹੈ। ਚੋਣ-ਜੰਗ ਵਿੱਚ ਲੋਕ-ਲਾਜ ਦਾ ਚੇਤਾ ਵੀ ਨਹੀਂ ਰੱਖਿਆ ਜਾਂਦਾ ਅਤੇ ਜਿੱਡੇ ਵੱਡੇ ਰੁਤਬੇ ਵਾਲਾ ਕੋਈ ਨੇਤਾ ਹੁੰਦਾ ਹੈ, ਓਨਾ ਵੱਧ ਨਿਯਮਾਂ-ਕਾਨੂੰਨਾਂ ਦੀ ਪ੍ਰਵਾਹ ਕੀਤੇ ਬਿਨਾਂ ਨਿਰਾ ਝੂਠ ਲੋਕਾਂ ਅੱਗੇ ਪਰੋਸਦਾ ਅਤੇ ਆਪਣੀ ਫੌਜ ਦੇ ਪਿਆਦੇ ਬਣੀਆਂ ਹੋਈਆਂ ਕੇਂਦਰੀ ਏਜੰਸੀਆਂ ਨੂੰ ਸ਼ਿਸ਼ਕਾਰ ਕੇ ਵਿਰੋਧੀ ਆਗੂਆਂ ਖਿਲਾਫ ਹਰ ਹੱਦ ਟੱਪ ਜਾਣ ਲਈ ਉਕਸਾਉਂਦਾ ਹੈ। ਇਹ ਸਿਰਫ ਭਾਰਤ ਵਿੱਚ ਨਹੀਂ, ਅਮਰੀਕਾ ਵਰਗੇ ਦੇਸ਼ ਵਿੱਚ ਵੀ ਹੋ ਰਿਹਾ ਹੈ। ਡੋਨਾਲਡ ਟਰੰਪ ਨੇ ਆਪਣੀ ਕੁਰਸੀ ਕਾਇਮ ਰੱਖਣ ਲਈ ਜੋਇ ਬਾਇਡਨ ਵਿਰੁੱਧ ਦੂਸਰੇ ਦੇਸ਼ਾਂ ਦੇ ਹਾਕਮਾਂ ਤੱਕ ਪਹੁੰਚ ਕਰ ਕੇ ਕੇਸ ਬਣਾਉਣ ਅਤੇ ਉਸ ਦੇ ਪੁੱਤਰ ਨੂੰ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਇਸ ਵਕਤ ਬਾਇਡਨ ਉੱਤੇ ਦੋਸ਼ ਲਾਉਂਦਾ ਹੈ ਕਿ ਉਹ ਉਸ ਦੀ ਚੋਣ ਖਰਾਬ ਕਰਨ ਲਈ ਅਦਾਲਤੀ ਕੇਸਾਂ ਦੀ ਲੜੀ ਮੁੱਕਣ ਨਾ ਦੇਣ ਵਾਸਤੇ ਸਰਕਾਰੀ ਮਸ਼ੀਨਰੀ ਵਰਤ ਰਿਹਾ ਹੈ। ਲੋਕਤੰਤਰ ਵਿਕਸਤ ਦੇਸ਼ਾਂ ਅੰਦਰੋਂ ਸ਼ੁਰੂ ਹੋਇਆ ਅਤੇ ਦੁਨੀਆ ਵਿੱਚ ਫੈਲਿ

ਹਾਸ਼ੀਏ 'ਤੇ ਪਏ ਪਾਤਰਾਂ ਨਾਲ ਸਾਂਝ ਪਾਉਂਦਾ ਕਹਾਣੀ ਸੰਗ੍ਰਹਿ



ਟੋਆ

(ਕਹਾਣੀ ਸੰਗ੍ਰਹਿ)
ਵਿਪਨ
ਸਫੇ : 75, ਮੁੱਲ : 145 ਰੁਪਏ
ਆਟਮ ਆਰਟ, ਪਟਿਆਲਾ

ਵਿਪਨ ਨੇ 'ਟੋਆ' ਆਪਣੇ ਪਲੇਠੇ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਕਦਮ ਰੱਖਿਆ ਹੈ। ਅੱਠ ਕਹਾਣੀਆਂ ਦਾ ਇਹ ਸੰਗ੍ਰਹਿ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਉਸ ਕੋਲ ਲਿਖਣ ਜਾਚ ਹੈ! ਆਲੇ-ਦੁਆਲੇ ਦੇ ਹਾਸ਼ੀਏ 'ਤੇ ਪਏ ਪਾਤਰਾਂ ਨਾਲ ਉਹ ਸਾਂਝ ਪਾਉਂਦਾ ਹੈ। ਸਮਾਜ ਦੇ ਭਾਵੇਂ ਬਹੁਤ ਗੰਭੀਰ ਮੁੱਦਿਆਂ ਦੀ ਬਜਾਏ ਉਹ ਨਿਮਨ ਵਰਗੀ ਪਰਵਾਰਾਂ ਦੀਆਂ ਦਿਨ-ਰਾਤ ਦੀਆਂ ਸਮੱਸਿਆਵਾਂ, ਪਰੇਸ਼ਾਨੀਆਂ ਤੇ ਕਠਿਨਾਈਆਂ ਨੂੰ ਕੇਂਦਰ ਵਿੱਚ ਲਿਆਉਂਦਾ ਹੈ। ਵਿਪਨ ਨੇ ਦਲਿਤਾਂ ਦੇ ਕਈ ਮੁੱਦਿਆਂ ਨੂੰ ਬਹੁਤ ਸੂਖ਼ਮਤਾ ਨਾਲ ਬਿਆਨ ਕੀਤਾ ਹੈ, ਭਾਵੇਂ ਦੇਖਣ ਵਿੱਚ ਉਹ ਸਾਧਾਰਨ ਹੀ ਲੱਗਣ, ਪਰ ਉਸ ਰਾਹੀਂ ਲੇਖਕ ਜਿਸ ਨਜ਼ਰੀਏ ਦੀ ਗੱਲ ਕਰ ਰਿਹਾ ਹੈ ਜਾਂ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹੈ, ਉਹ ਗੰਭੀਰ ਹੈ।

ਸੰਗ੍ਰਹਿ ਦੀ ਕਹਾਣੀ 'ਸਿੱਕ' ਅਜਿਹੀ ਕਹਾਣੀ ਹੈ, ਜੋ ਗਰੀਬੀ ਤੇ ਜ਼ਮੀਨ ਨਾ ਹੋਣ ਕਾਰਨ ਵਿਆਹ ਬੁੜੋਂ ਰਹਿ ਜਾਣ ਵਾਲੇ ਪਾਤਰਾਂ ਦੀ ਮਾਨਸਿਕਤਾ ਨੂੰ ਉਭਾਰਦੀ ਹੈ। ਲੰਮੇ ਅਰਸੇ ਬਾਅਦ ਆਪਣੇ ਪਿੰਡ ਆਇਆ ਕੇਂਦਰੀ ਪਾਤਰ ਜਿੱਥੇ ਉਥੇ ਹੋਏ ਬਦਲਾਵਾਂ ਨੂੰ ਦੇਖ ਕੇ ਹੈਰਾਨ ਹੋਇਆ, ਉਥੇ ਆਪਣੇ ਪੁਰਾਣੇ ਮਿੱਤਰ ਰਾਜੂ ਤੇ ਸੱਤਪਾਲ ਨੂੰ ਮਿਲ ਕੇ ਉਦਾਸ ਵੀ ਹੋਇਆ। 'ਵਾਲਮੀਕਿ ਮੰਦਰ' ਦੀ ਥਾਂ 'ਵਾਲਮੀਕਿ ਆਸ਼ਰਮ' ਨੇ ਉਸ ਦਾ ਧਿਆਨ ਆਕਰਸ਼ਿਤ ਕੀਤਾ, ਉਥੇ ਉਸ ਨੂੰ ਰਾਜੂ ਤੇ ਸੱਤੇ ਦੇ ਛੜੇ ਰਹਿ ਜਾਣ ਦੀ ਉਦਾਸੀ ਤੇ ਸਿੱਕ ਵੀ ਮਹਿਸੂਸ ਹੋਈ। ਸੱਤੇ ਦੀ ਹਾਲਤ ਪਾਗਲਾਂ ਵਰਗੀ ਹੋ ਗਈ, ਪਰ ਰਾਜੂ ਅਜੇ ਸੰਭਲਿਆ ਹੋਇਆ ਹੋਣ ਦੇ ਬਾਵਜੂਦ ਡਰਦਾ ਹੈ, ਕਿਤੇ ਉਹ ਵੀ ਸੱਤੇ ਵਰਗਾ ਨਾ ਹੋ ਜਾਏ। ਉਨ੍ਹਾਂ ਦੀ ਵਿਆਹ ਤੇ ਆਪਣੇ ਨਿਆਣਿਆਂ ਵਿਚਲੀ 'ਸਿੱਕ' ਦੇਖ ਕੇ ਹੀ ਉਸ ਨੇ ਰਾਜੂ ਨੂੰ ਉਸ ਦੇ ਕੁੱਛੜ ਪੁੱਤਰ ਨੂੰ ਪਿਆਰ ਕਰਦੇ ਦੇਖ, ਆਪਣੀ ਘਰਵਾਲੀ ਨੂੰ ਪੁੱਤਰ ਤੋਂ 'ਮਿਰਚਾਂ ਵਾਰ ਕੇ ਸੁੱਟਣ' ਦੀ ਗੱਲ ਕਹੀ। ਮਨੁੱਖੀ ਫਿਤਰਤ..ਦਾਤ ਕੋਲ ਹੋਣ ਤੇ ਉਸ ਦੇ ਖੋਹਣ ਦਾ ਡਰ ਵੀ ਸਤਾਉਂਦਾ ਰਹਿੰਦਾ ਹੈ ਜਾਂ ਨਜ਼ਰ ਲੱਗ ਜਾਣ ਵਾਲੀ ਗੱਲ ਦਾ ਵੀ ਅਸਰ ਦਿਸਦਾ ਹੈ।

ਆਪਣੇ ਇਕ ਮਿੱਤਰ ਦੇ ਘਰ ਵਿਆਹ 'ਤੇ ਜਾਣ ਤੇ, ਐੱਮ.ਫਿਲ ਦੀ ਉਚੇਰੀ ਪੜ੍ਹਾਈ ਕਰਨ ਵਾਲੇ ਇਕ ਨੌਜਵਾਨ ਦਾ ਪਰਿਚੈ ਮਿੱਤਰ ਨੇ ਸੀਰੀ ਤੇ ਘਰ ਕੰਮ ਕਰਨ ਵਾਲੀਆਂ ਔਰਤਾਂ ਅੱਗੇ 'ਉਨ੍ਹਾਂ ਦੀ ਬਿਰਾਦਰੀ' ਵਿੱਚੋਂ ਹੋਣ ਵਜੋਂ ਕਰਾਇਆ। ਆਪਣੇ ਜੀਵਨ ਵਿੱਚ ਅੱਗੇ ਵਧਣ ਦੀ ਸੋਚ ਰੱਖਣ ਵਾਲੇ ਉਸ ਨੌਜਵਾਨ ਨੇ ਅਜਿਹੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨਾ ਸਿੱਖ ਲਿਆ ਸੀ। ਉਸ ਨੂੰ ਵਿਆਹ ਤੋਂ ਪਹਿਲਾਂ ਸ਼ਾਇਦ ਬੁਲਾਇਆ ਹੀ ਇਸੇ ਲਈ ਗਿਆ ਸੀ ਕਿ ਉਹ ਵਿਆਹ ਦੇ ਕੰਮਾਂ ਵਿੱਚ ਹੱਥ ਵੰਡਾਏਗਾ। ਨੌਜਵਾਨ ਨੇ ਸਾਰਾ ਕੰਮ ਖੁਸ਼ੀ-ਖੁਸ਼ੀ ਕੀਤਾ, ਪਰ ਜਦੋਂ ਬਦਬੂ ਮਾਰਦੀ ਮੀਟ ਦੀ ਬਾਲਟੀ ਨੂੰ ਟੋਏ ਵਿੱਚ ਸੁੱਟੇ ਜਾਣ ਦੀ ਗੱਲ ਸੁਣ, ਮਿੱਤਰ ਦੇ ਬਾਪ ਨੇ ਚੂੜਿ..ਨੂੰ ਦੇ ਦਿੱਤੇ ਜਾਣ ਦੀ ਗੱਲ ਕਹੀ ਤਾਂ ਉਸ ਦਾ ਅੰਦਰਲਾ ਮਸੋਸਿਆ ਗਿਆ। ਕੁੱਤੇ ਖ਼ਰਾਬ ਮੀਟ ਖਾ ਕੇ ਬਿਮਾਰ ਨਾ ਹੋ ਜਾਣ ਦੀ ਚਿੰਤਾ ਤਾਂ ਤਾਏ ਨੂੰ ਸੀ, ਪਰ ਨਿਮਨਾਂ ਨੂੰ ਇਸ ਯੋਗ ਵੀ ਨਹੀਂ ਸਮਝਿਆ ਜਾਂਦਾ। ਉਦੋਂ ਉਸ ਨੇ ਭੱਜ ਕੇ ਉਹ ਸਾਰਾ ਬਦਬੂ ਮਾਰਦਾ ਮੀਟ ਇਕ ਟੋਏ ਵਿੱਚ ਸੁੱਟ ਦਿੱਤਾ। ਬਹੁਤ ਵਾਰ ਮਿੱਟੀ ਚੁੱਕ ਕੇ ਪਾਉਣ 'ਤੇ ਵੀ ਉਸ ਇਕੱਲੇ ਵੱਲੋਂ 'ਟੋਏ' ਦਾ ਨਾ ਭਰੇ ਜਾਣਾ, ਬਹੁਤ ਵੱਡਾ ਅਰਥ ਸਿਰਜਦਾ ਹੈ। ਵਰਣਾਂ ਵਿਚਕਾਰ ਬਹੁਤ ਡੂੰਘੀ ਖੱਡ ਹੈ, ਜਿਸ ਨੂੰ ਕਿਸੇ ਇਕੱਲੇ ਰਾਹੀਂ ਕੀ, ਸਮੂਹਿਕ ਤੌਰ 'ਤੇ ਵਰ੍ਹਿਆਂ ਤੋਂ ਵੀ ਅਜੇ ਤੱਕ ਭਰਿਆ ਨਹੀਂ ਜਾ ਸਕਿਆ।

ਸਨਾਤਨੀ ਧਰਮ ਵੱਲੋਂ ਕੁਝ ਜਾਨਵਰਾਂ ਦੀ 'ਰੱਖਿਆ' ਨੂੰ ਲੈ ਕੇ, ਉਸ ਦਾ ਮੀਟ ਖਾਣ ਨੂੰ ਲੈ ਕੇ, ਦੂਜੇ ਧਰਮਾਂ ਨਾਲ ਸਿੰਙ ਅੜਾਏ ਜਾਂਦੇ ਹਨ, ਉਨ੍ਹਾਂ ਦੇ ਘਰਾਂ ਵਿੱਚ ਛਾਪੇਮਾਰੀ ਤੱਕ ਕੀਤੀ ਜਾ ਰਹੀ ਹੈ, ਪਰ ਉਹੀ 'ਮਾਤਾ' ਜਦੋਂ ਗੰਦ ਤੇ ਕੂੜਾ ਖਾਂਦੀ ਪਲਾਸਟਿਕ ਨਿਗਲਦੀ ਹੈ, ਉਦੋਂ ਉਸ ਦੇ ਰੱਖਿਅਕ ਕਿੱਥੇ ਹੁੰਦੇ ਹਨ। ਉਨ੍ਹਾਂ ਨਾਲੋਂ ਤਾਂ ਭੋਲਾ-ਭਾਲਾ ਗੋਵਰਧਨ ਦਾਸ ਹੀ ਚੰਗਾ ਸੀ, ਜਿਸ ਘਰ ਦੀ ਮਵੇਸ਼ੀ 'ਸੋਮਾ' ਨੂੰ ਆਪਣੀ ਭੈਣ ਬਣਾ ਲਿਆ, ਪਰ ਅਜਿਹੇ ਰੱਖਿਅਕਾਂ ਵੱਲੋਂ ਲੋਕਾਂ ਨਾਲ ਬੇਵਜ੍ਹਾ ਕੀਤੀ ਜਾ ਰਹੀ ਹਿੰਸਾ ਦੇਖ ਕੇ ਉਸ ਨੇ ਆਪਣੀ ਭੈਣ ਦੀ ਉਸ ਇਕਮਾਤਰ ਫੋਟੋ ਨੂੰ ਫਾੜ ਕੇ ਸੁੱਟ ਦਿੱਤਾ, ਜਿਸ ਦਾ ਉਹ ਵਸਾਹ ਨਹੀਂ ਖਾਂਦਾ ਹੁੰਦਾ ਸੀ। ਅਜੋਕੇ ਸਮੇਂ ਵਿੱਚ ਸਿਆਸਤ ਦਾ ਕੰਮ ਸਿਰਫ਼ ਤੇ ਸਿਰਫ਼ ਹਿੰਸਾ ਤੇ ਨਫ਼ਰਤ ਪੈਦਾ ਕਰਨਾ ਰਹਿ ਗਿਆ ਹੈ, ਜਿਸ ਵਿੱਚ ਜਾਨਵਰਾਂ ਨੂੰ ਵੀ ਮੋਹਰੇ ਬਣਾਇਆ ਜਾ ਰਿਹਾ ਹੈ।

ਧਰਮ ਹਰ ਕਿਸੇ ਦਾ ਨਿੱਜੀ ਮਾਮਲਾ ਹੈ। ਹਰ ਧਰਮ ਵੱਲੋਂ ਵੱਖਰੇ-ਵੱਖਰੇ ਨੇਮ ਤੇ ਬੰਧਨ ਬਣਾਏ ਗਏ ਹਨ। ਜਿਨ੍ਹਾਂ ਦੇ ਪਾਲਣ ਨੂੰ ਹੀ ਹੁਣ ਅਸਲ ਵਿੱਚ ਧਰਮ ਮੰਨ ਲਿਆ ਗਿਆ ਹੈ, ਜਦਕਿ ਇਸ ਦਾ ਪਰਮਾਤਮਾ ਦੀ ਪ੍ਰਾਪਤੀ ਜਾਂ ਅਧਿਆਤਮ ਨਾਲ ਕੋਈ ਲੈਣਾ-ਦੇਣਾ ਨਹੀਂ। ਕਿਸੇ ਬੰਦੇ ਵੱਲੋਂ ਕਿਸੇ ਖ਼ਾਸ ਦਿਨ ਉਤੇ ਕੋਈ ਚੀਜ਼ ਨਾ ਖਾਣਾ, ਬੰਦੇ ਵੱਲੋਂ ਜਾਂ ਧਰਮ ਦੇ ਠੇਕੇਦਾਰਾਂ ਵੱਲੋਂ ਆਪ ਬਣਾਏ ਗਏ 'ਘੇਰੇ' ਹਨ, ਇਨ੍ਹਾਂ ਗੱਲਾਂ ਜਾਂ ਵਰਜਨਾਵਾਂ ਨਾਲ ਨਾ ਰੱਬ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ ਤੇ ਨਾ ਹੀ ਇਹ ਉਸ ਉਤੇ ਅਹਿਸਾਨ ਕਰਨ ਵਾਲੀ ਕੋਈ ਗੱਲ ਹੈ। 'ਅੰਮੀ' ਸਾਰੀ ਉਮਰ ਧਾਰਮਿਕ ਔਰਤ ਰਹੀ। ਜਿਸ ਦੀਵੇ ਤੇ ਜੋਤ ਵੀ ਬਾਲੀ ਤੇ ਚਰਚ ਵੀ ਜਾਂਦੀ ਰਹੀ। ਅਨਜਾਣੇ ਹੀ ਮੰਗਲਵਾਰ ਨੂੰ 'ਚਿਕਨ ਸੂਪ' ਪੀਣ ਦੀ ਭੁੱਲ ਕਰ ਬੈਠੀ, ਉਦੋਂ ਉਸ ਨੂੰ 'ਚੌਂਕੀ, ਚਿਰਾਗ ਤੇ ਚਰਚ' ਸਭ ਨਜ਼ਰ ਆਏ ਤੇ ਉਸ ਸ਼ਾਂਤ ਹੋ ਕੇ ਬਾਕੀ ਦਾ ਵੀ ਚਿਕਨ ਸੂਪ ਪੀ ਲਿਆ ਤੇ ਆਪ ਹੀ ਘੇਰਿਆਂ ਤੋਂ ਮੁਕਤ ਹੋ ਗਈ। ਸ਼ਾਇਦ ਪਹਿਲੀ ਵਾਰ ਉਸ ਨੂੰ ਪਤਾ ਲੱਗਾ, 'ਪਰਮਾਤਮਾ' ਇਕ ਅਹਿਸਾਸ ਹੈ, ਜਿਸ ਨੂੰ ਜੀਵਿਆ ਜਾ ਸਕਦਾ ਹੈ।

ਮੁੰਡੇ ਦੇ ਲੱਕ ਨਾਲ ਬੰਨ੍ਹੀ 'ਤੜਾਗੀ' ਰਵਾਇਤ ਅਨੁਸਾਰ ਉਸ ਦੇ ਭਾਵ ਨੂੰ ਸਮਝਾਉਂਦੀ ਕਹਾਣੀ ਹੈ, ਜੋ ਮੁੰਡੇ ਦੇ ਜਵਾਨ ਹੋਣ ਤੱਕ ਉਸ ਦੇ ਬ੍ਰਹਮਚਾਰੀ ਰਹਿਣ ਵਜੋਂ ਬੰਨ੍ਹੀ ਜਾਂਦੀ ਹੁੰਦੀ ਸੀ। ਮੈਂ ਪਾਤਰ ਨੇ ਇਸ ਦੇ ਅਸਲ ਭਾਵ ਨੂੰ ਜਾਣੇ ਬਿਨਾਂ ਵੀ ਇਸ ਦਾ ਪਾਲਣ ਕੀਤਾ, ਕਿਉਂਕਿ ਉਸ ਨੂੰ ਦੇਖ ਕੇ, ਉਹ ਆਪ ਵੀ ਚੌਕੰਨਾ ਹੋ ਜਾਂਦਾ ਤੇ ਉਸ ਨੂੰ ਲੱਗਦਾ, ਇਸ ਦੇ ਟੁੱਟ ਜਾਣ ਨਾਲ, ਸ਼ਾਇਦ ਕੁਝ 'ਮਾੜਾ' ਵਾਪਰ ਜਾਏਗਾ। ਉਸ ਨੇ ਵੀ ਹੋਸ਼ ਨਹੀਂ ਖੋਇਆ, ਪਰ ਜਦੋਂ ਜਵਾਨੀ ਮੂੰਹਜ਼ੋਰ ਹੋਈ ਤਾਂ ਤੜਾਗੀ ਟੁੱਟ ਗਈ। ਉਦੋਂ ਉਸ ਨੂੰ ਤੇ ਨਾ ਹੀ ਮਾਪਿਆਂ ਨੂੰ ਉਸ ਦੇ ਟੁੱਟ ਜਾਣ ਦਾ ਅਫ਼ਸੋਸ ਹੋਇਆ। ਸਮਾਜ ਦੀ ਬਦਲਦੀ ਬੇਲਗਾਮ ਰਫ਼ਤਾਰ ਨੂੰ ਦੇਖਦੇ ਹੋਏ ਲੱਗਦਾ ਹੈ ਇਨ੍ਹਾਂ ਤੜਾਗੀਆਂ ਦੇ ਲੱਕ ਨਾਲ ਬੰਨ੍ਹੇ ਜਾਣ ਦੀ ਫਿਰ ਤੋਂ ਲੋੜ ਹੈ। ਨਨਾਣ ਦੇ ਕਿਸ਼ੋਰ ਤੋਂ ਜਵਾਨੀ ਵਿੱਚ ਪੈਰ ਰੱਖਦੇ ਪੁੱਤਰ ਤੇ ਜਵਾਨ ਮਾਮੀ ਦੇ ਜਿਨਸੀ ਸੰਬੰਧ ਕਿਸੇ 'ਦਲਦਲ' ਤੋਂ ਘੱਟ ਨਹੀਂ। ਅਜਿਹੇ ਸੰਬੰਧ ਨਾ ਸਿਰਫ਼ ਪਰਵਾਰ ਤੇ ਸਮਾਜ ਦੀਆਂ ਮਰਿਆਦਾਵਾਂ ਨੂੰ ਖੋਰਦੇ ਹਨ, ਸਗੋਂ ਸਾਹਿਤ ਵਿੱਚ ਵੀ 'ਅਨੈਤਿਕਤਾ ਦਾ ਪ੍ਰਦੂਸ਼ਣ' ਫੈਲਾਉਂਦੇ ਹਨ। ਇਨ੍ਹਾਂ ਤੋਂ ਗੁਰੇਜ਼ ਕਰਨ ਦੀ ਲੋੜ ਹੈ।

ਯੂਨੀਵਰਸਿਟੀ ਪੜ੍ਹਦੇ ਨੌਜਵਾਨ ਨੂੰ ਮਾਂ ਦੀ ਮੌਤ ਦੀ ਖ਼ਬਰ ਸੁਣ ਕੇ ਉਸ ਨੂੰ ਓਨਾ ਦੁੱਖ ਨਹੀਂ ਹੋਇਆ, ਜੋ ਹੋਣਾ ਚਾਹੀਦਾ ਸੀ, ਕਿਉਂਕਿ ਕੁਝ ਦਿਨ ਪਹਿਲਾਂ ਹੀ ਪਿੰਡ ਜਾਣ 'ਤੇ ਮਾਂ ਨੇ ਉਸ ਨੂੰ ਉਸ ਦੀ ਗਭਲੀ ਭਰਜਾਈ ਦੇ ਮਾੜੇ ਚਰਿੱਤਰ ਦੀਆਂ ਗੱਲਾਂ ਤੇ ਆਪਣੇ ਦਿਨ ਕੱਟੀ ਕਰਨ ਬਾਰੇ ਦੱਸ ਦਿੱਤਾ ਸੀ। ਇਸ ਕਰਕੇ ਉਸ ਨੂੰ ਮਾਂ ਦੀ ਮੌਤ ਉਸ ਦੀ ਮੁਕਤੀ ਜਾਪੀ। ਮਾਂ ਦਾ ਇਹ ਕਹਿਣਾ ਕਿ ਬੁਢਾਪਾ ਸਭ ਉਤੇ ਆਏਗਾ, ਉਦੋਂ ਇਨ੍ਹਾਂ ਨੂੰ ਪਤਾ ਲੱਗੇਗਾ 'ਜੰਡਿਆਲਾ ਨੇੜੇ ਈ ਆ'। ਇਹ ਗੱਲ ਕਹਿਣ ਪਿੱਛੇ ਕੀ ਕਿੱਸਾ ਜਾਂ ਮਿੱਥ ਹੈ, ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ। ਲੇਖਕ ਨੂੰ ਚਾਹੀਦਾ ਸੀ, ਇਸ ਦਾ ਖੁਲਾਸਾ ਕਿਸੇ ਤਰੀਕੇ ਕਹਾਣੀ ਵਿੱਚ ਜ਼ਰੂਰ ਕਰ ਦੇਂਦਾ, ਕਿਉਂਕਿ ਰਚਨਾ ਨੇ ਪੰਜਾਬ ਤੋਂ ਬਾਹਰਲੇ ਥਾਵਾਂ ਤੱਕ ਦਾ ਸਫ਼ਰ ਤੈਅ ਕਰਨਾ ਹੁੰਦਾ ਹੈ। 'ਮੁੜ ਗਵਾਚੀ ਕਥਾ' ਦੀ ਬੁਣਤੀ ਪ੍ਰਭਾਵਿਤ ਕਰਦੀ ਹੈ, ਇਕ ਪਾਸੇ ਸਾਲੀ ਦੀ ਚਾਰ ਸਾਲ ਦੀ ਬੱਚੀ ਦੇ ਜਨਮ ਦਿਨ ਉਤੇ ਜਾਣ ਦੀ ਤਿਆਰੀ ਵਿਚਕਾਰ ਸਬੱਬ ਨਾਲ ਮਿਲੇ ਵਕਤ ਵਿੱਚ ਕਿਸੇ ਗਵਾਚੀ ਕਥਾ ਨੂੰ ਸਿਰਜੇ ਜਾਣ ਲਈ ਇਕੱਲ, ਵਿਹਲ ਤੇ ਸਿਰਜਨਾਤਮਕ ਮਾਹੌਲ ਮਿਲਿਆ। ਉਸ ਦੌਰਾਨ ਘਰ ਵਿੱਚ ਕੰਮ ਕਰਨ ਵਾਲੀ ਬੀਰੋ ਦੇ ਬਿਮਾਰ ਹੋਣ ਦੀ ਖ਼ਬਰ ਦੇਣ ਆਈ ਉਸ ਦੀ ਚਾਰ ਸਾਲ ਦੀ ਕੁੜੀ, ਜਿਸ ਨੇ ਡੇਢ ਸਾਲ ਦੀ ਭੈਣ ਨੂੰ ਕੁੱਛੜ ਚੁੱਕਿਆ ਹੋਇਆ ਸੀ। ਉਸ ਕੁੜੀ ਨੇ ਆਪਣੀਆਂ ਗੱਲਾਂ ਤੇ ਸਵੈ ਵਿਸ਼ਵਾਸ ਨਾਲ ਲੇਖਕ ਪਾਤਰ ਨੂੰ ਹੈਰਾਨ ਕਰ ਦਿੱਤਾ। ਇਨ੍ਹਾਂ ਗੱਲਾਂ ਦੌਰਾਨ ਲੇਖਕ ਦੀ ਕਥਾ ਮੁੜ ਕਿਤੇ ਗਵਾਚ ਗਈ, ਪਰ ਹਕੀਕਤ ਉਸ ਦੀ ਮੁਲਾਕਾਤ ਜ਼ਿੰਦਗੀ ਨਾਲ ਭਰੀ ਇਕ ਕੁੜੀ ਨਾਲ ਕਰਵਾ ਗਈ, ਜਿੱਥੇ ਗਰੀਬੀ ਵਿੱਚ ਬਚਪਨ ਬਾਕੀ ਨਹੀਂ ਰਹਿੰਦੇ, ਜ਼ਿੰਮੇਵਾਰੀ ਦਾ ਅਹਿਸਾਸ ਉਨ੍ਹਾਂ ਬੱਚਿਆਂ ਦੇ ਬਚਪਨ ਉਨ੍ਹਾਂ ਤੋਂ ਖੋਹ ਲੈਂਦਾ ਹੈ। ਕਹਾਣੀ ਚੰਗੀ ਹੈ, ਪਰ ਮੈਨੂੰ ਲੱਗਦਾ ਹੈ, ਚਾਰ ਦੀ ਬਜਾਏ ਜੇ ਉਸ ਦੀ ਕੁੜੀ ਦੀ ਉਮਰ ਛੇ ਸਾਲ ਦੱਸੀ ਜਾਂਦੀ ਤਾਂ ਵਧੇਰੇ ਹਕੀਕੀ ਲੱਗਦਾ, ਚਾਰ ਸਾਲ ਦਾ ਬੱਚਾ ਬਹੁਤ ਛੋਟਾ ਹੁੰਦਾ ਹੈ।

'ਟੋਆ' ਨਾਲ ਆਮਦ ਕਰਨ ਵਾਲੇ ਵਿਪਨ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ, ਉਸ ਕੋਲ ਸੂਝ, ਡੂੰਘਾਈ ਤੇ ਸ਼ਬਦਾਵਲੀ ਹੈ। ਹੌਲੀ-ਹੌਲੀ ਤਜਰਬਿਆਂ ਨਾਲ ਹੋਰ ਵੀ ਵਾਧਾ ਹੁੰਦਾ ਜਾਏਗਾ।

ਮੋਬਾ. 98681-82835

ਵੱਖਰੇ ਮੁਹਾਂਦਰੇ ਵਾਲੀ ਪੁਸਤਕ

ਡਾ. ਅਮਰ ਕੋਮਲ

ਦੁੱਲਾ ਭੱਟੀ : ਮਰਦਾਂ ਦਾ ਗਿੱਧਾ ਨਾਟ ਰੂਪ

ਦਲਬਾਰ ਸਿੰਘ
ਮੁੱਲ : 200 ਰੁਪਏ, 92 ਪੰਨੇ : ਸੁਚਿਤਰ
ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ

ਇਸ ਪੁਸਤਕ ਤੋਂ ਪਹਿਲਾਂ ਲੇਖਕ ਨੇ ਲੋਕ-ਕਾਵਿ ਹੰਸ - ਰਾਜ ਰਚਿਤ ਬੋਲੀਆਂ :- ਨਣਦ ਭਰਵਾਈ ਮੂਲ ਪਾਠ : ਮੁਲਾਂਕਣ (1995), ਆਈ ਮੇਲਣ ਵਿਚ ਗਿੱਧ ਦੇ, ਬੋਲੀਆਂ ਦਾ ਸੰਗ੍ਰਹਿ (2001), ਮਲਵਈ ਗਿੱਧਾ ਬਨਾਮ ਮਰਦਾਂ ਦਾ ਗਿੱਧਾ, ਲੋਕ-ਨਾਚ (2008) ਮਰਦਾਂ ਦਾ ਗਿੱਧਾ (ਖੋਜ) (2019) ਹਰੀ ਸਿੰਘ ਵਿਯੋਗੀ, ਕਵੀਸ਼ਰ, ਜੀਵਨ ਤੇ ਰਚਨਾ (ਪ੍ਰਕਾਸ਼ਨਾਧੀਨ) ਅਤੇ ਬੋਲੀਆਂ, ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਪ੍ਰਕਾਸ਼ਨਾਧੀਨ) ਲੇਖਕ ਦੀਆਂ ਰਚਨਾਵਾਂ ਹਨ।

ਮਰਦਾਂ ਦੇ ਗਿੱਧੇ ਦਾ ਨਾਟ ਰੂਪ ਨੂੰ ਮੰਚਣ ਕਰਨ ਦੀ ਆਪਣੀ ਤਕਨੀਕ ਹੁੰਦੀ ਹੈ। ਭਾਵੇਂ ਇਹ ਉਸ ਸਮੇਂ ਆਰੰਭ ਹੋਈ, ਜਿਹੜੀ ਪਹਿਲੀ ਵਾਰ ਡਾ. ਸਤੀਸ਼ ਵਰਮਾ ਦੇ ਸ਼ਹਿਰ ਸੁਨਾਮ ਨਾਲ ਜੁੜੇ ਮਾਸਟਰ ਸੱਤਪਾਲ ਸ਼ਰਮਾ ਅਤੇ ਦਲਬਾਰ ਸਿੰਘ ਚੱਠੇ ਸ਼ੇਖਵਾਂ ਵੱਲੋਂ ਚਾਲੂ ਕੀਤੀ ਗਈ ਸੀ। ਲੋਕ ਮੰਚਾਂ ਉੱਪਰ ਪਹਿਲੀ ਵਾਰ ਗਿੱਧੇ ਨੂੰ ਮੰਚਾਂ ਉੱਪਰ ਲਿਆਉਣ ਦਾ ਕਾਰਜ, ਉਸ ਦਾ ਸਤਿਕਾਰ ਮੰਨਣਾ ਹੈ। ਉਂਝ ਗਿੱਧਾ, ਮਾਲਵੇ ਦੇ ਵਿਆਹਾਂ ਵਿਚ ਆਮ ਉਸ ਸਮੇਂ ਪਾਇਆ ਜਾਂਦਾ ਹੈ, ਜਦੋਂ ਬੇਟੀ ਪਹਿਲੀ ਵਾਰ ਸਹੁਰੇ ਘਰ ਵਿਦਾ ਹੋ ਗਈ ਹੋਵੇ।

ਦਲਬਾਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਤੋਂ ਐੱਮ. ਫਿਲ. ਦੀ ਡਿਗਰੀ ਪ੍ਰਾਪਤ ਕਰ ਚੁੱਕਾ ਹੈ। ਮੁੜ ਉਸ ਨੇ ਮਰਦਾਂ ਦੇ ਗਿੱਧੇ ਵਿਚਲੇ ਨਾਟਕੀਅਤਾ ਦੇ ਹੁਨਰੀ, ਤਜਰਬੇ ਪ੍ਰਾਪਤ ਕੀਤੇ ਹਨ। ਅਕਾਦਮਿਕ ਪੱਧਰ 'ਤੇ ਗਿੱਧੇ ਦੀ ਖੋਜ ਦਾ ਆਰੰਭ ਹੋਣਾ ਸ਼ੁੱਭ ਕਾਰਜ ਹੈ। ਜਿਹੜੀ ਵਿਧਾ ਲੋਕ ਮੰਚਨ ਲਈ ਚੁਣੀ ਜਾਂਦੀ ਹੈ, ਉਹ ਲੋਕਾਂ ਦੇ ਦਿਲ-ਦਿਮਾਗ ਦਾ ਅੰਗ ਬਣ ਜਾਂਦੀ ਹੈ।



ਪੰਜਾਬ ਦੀ ਲੋਕ ਨਾਟ ਜਦ ਕਦੇ ਮੰਚਨ ਹੋਈ ਹੈ, ਉਹ ਲੋਕ ਮਾਨਸ ਵਿਚ ਹਰਮਨ ਹੋਈ ਹੈ। ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਦੁੱਲਾ ਭੱਟੀ, ਇਸ ਤਰ੍ਹਾਂ ਮਰਦਾਂ ਦਾ ਗਿੱਧਾ ਵੀ ਦਲਬਾਰ ਸਿੰਘ ਦੀ ਅਗਵਾਈ ਵਿਚ ਮੰਚਨ ਹੋਇਆ ਹੈ ਜਦ ਤੋਂ ਮੰਚਨ ਹੋਇਆ ਹੈ, ਲੋਕ ਮਾਨਸ ਵਿਚ ਪ੍ਰਵੇਸ਼ ਹੋ ਕੇ, ਵਧੇਰੇ ਲੋਕ-ਸਿਮ੍ਰਤੀ ਦਾ ਅਟੁੱਟਵਾਂ ਅੰਗ ਬਣਿਆ ਹੈ।

ਆਮ ਤੌਰ 'ਤੇ ਨਚਾਰਾਂ ਦੇ ਅਖਾੜੇ ਪਿੰਡਾਂ ਤੋਂ ਬਾਹਰ ਲੱਗਦੇ ਹੁੰਦੇ ਸਨ, ਜਿਨ੍ਹਾਂ ਵਿਚ ਵਧੇਰੇ ਨਚਾਰਾਂ ਦਾ ਰੋਲ, ਮਰਦ ਨਚਾਰ ਬਣ ਕੇ ਨਿਭਾਉਂਦੇ ਹੁੰਦੇ ਸਨ। ਇਸ ਤਰ੍ਹਾਂ ਕੁੜੀ ਦੇ ਵਿਆਹ ਸਮੇਂ, ਡੋਲੀ ਦੇ ਵਿਦਾ ਹੋ

7-April-Sunday.qxd 4/6/2024 10:26 PM Page 6

'ਟਰਾਲੀਨਾਮਾ' 'ਤੇ ਵਿਚਾਰ-ਗੋਸ਼ਟੀ

ਨਕੋਦਰ-ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ (ਕੋ-ਐਡ) ਵਿਖੇ ਡਾ. ਹਰਨੇਕ ਸਿੰਘ ਹੇਅਰ ਦੇ ਨਾਵਲ 'ਟਰਾਲੀਨਾਮਾ' 'ਤੇ ਇੱਕ ਵਿਚਾਰ-ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪੰਜਾਬੀ ਦੇ ਕਥਾਕਾਰ ਵਰਿਆਮ ਸਿੰਘ ਸੰਧੂ ਨੇ ਕੀਤੀ। ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਪ੍ਰਿੰ. ਸੁਖਵਿੰਦਰ ਸਿੰਘ ਰੰਧਾਵਾ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਅਤੇ ਪ੍ਰਿੰ. ਪ੍ਰਬਲ ਕੁਮਾਰ ਜੋਸ਼ੀ ਤੋਂ ਇਲਾਵਾ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗੀਰ ਸਿੰਘ ਸੋਹੀ, ਸਕੱਤਰ ਗੁਰਪ੍ਰੀਤ ਸਿੰਘ ਸੰਧੂ ਤੇ ਖਜ਼ਾਨਚੀ ਸੁਖਬੀਰ ਸੰਧੂ ਵੀ ਮੌਕੇ 'ਤੇ ਮੌਜੂਦ ਸਨ। ਗੋਸ਼ਟੀ ਦਾ ਆਰੰਭ ਡਾ. ਹਰਨੇਕ ਸਿੰਘ ਦੁਆਰਾ ਰਚਿਤ ਨਾਵਲ 'ਕੂੜ ਅਮਾਵਸ' ਵਿੱਚ ਦਰਜ ਟੱਪਿਆਂ ਨਾਲ ਹੋਇਆ।

ਇਸ ਨੂੰ ਕਾਲਜ ਦੀ ਬੀ ਏ ਸਮੈਸਟਰ ਚੌਥੇ ਦੀ ਵਿਦਿਆਰਥਣ ਗੁਲਸ਼ਨ ਨੇ ਆਵਾਜ਼ ਦਿੱਤੀ । ਇਸ ਉਪਰੰਤ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਣਜੀਤ ਕੌਰ ਹੁੰਦਲ ਨੇ 'ਡਾ. ਹਰਨੇਕ ਸਿੰਘ ਦੇ ਨਾਵਲ ਟਰਾਲੀਨਾਮਾ ਦੀ ਰਚਨਾ ਸੰਰਚਨਾ' ਵਿਸ਼ੇ ਉੱਤੇ ਆਪਣਾ ਪਰਚਾ ਪ੍ਰਸਤੁਤ ਕੀਤਾ । ਆਪਣੇ ਪਰਚੇ ਵਿੱਚ ਉਹਨਾ ਇਸ ਨਾਵਲ ਦੀ ਸੰਰਚਨਾ ਅਤੇ ਸੰਰਚਨਾਤਮਕ ਜੁਗਤਾਂ 'ਤੇ ਚਾਨਣਾ ਪਾਇਆ। ਨਾਵਲ ਵਿੱਚ ਪੇਸ਼ ਸਮਾਜਕ ਦਰਜਾਬੰਦੀ, ਦੋ-ਫਾੜ ਮਾਨਸਿਕਤਾ, ਪਾਤਰਾਂ ਦੀ ਸੁਚੇਤ ਤੋਂ ਸਿਫਰ ਸਥਿਤੀ ਤੱਕ ਦੀ ਪ੍ਰਕਿਰਿਆ ਤੇ ਬਿਰਤਾਂਤਕ ਕੋਡਾਂ ਨੂੰ ਖੋਲ੍ਹਦਿਆਂ ਨਾਵਲ ਦੀ ਚਿਹਨ ਜੁਗਤ ਦੀ ਵਿਸਥਾਰ ਸਹਿਤ ਚਰਚਾ ਕੀਤੀ। ਗੋਸ਼ਟੀ ਵਿੱਚ ਦੂਜਾ ਪਰਚਾ ਪੰਜਾਬੀ ਦੇ ਨਵੇਂ ਉਭਰਦੇ ਵਿਦਵਾਨ ਕਵੀ ਹਰਬੰਸ ਹਿਮਾਇਤੀ ਨੇ ਪ੍ਰਸਤੁਤ ਕੀਤਾ। ਆਪਣੇ ਪਰਚੇ ਵਿੱਚ ਉਹਨਾ ਨਾਵਲ ਵਿੱਚ ਪ੍ਰਸਤੁਤ ਸਮਾਜਕ ਸਰੋਕਾਰਾਂ ਅਤੇ ਕਲਾਤਮਿਕ ਪੱਖ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਨਾਵਲ ਕਿਸਾਨ ਅੰਦੋਲਨ ਦੀ ਅਧੂਰੀ ਜਿੱਤ ਉੱਪਰ ਅਧਾਰਤ ਹੈ ਅਤੇ ਮੋਰਚੇ ਉਪਰੰਤ ਸਾਹਮਣੇ ਆਈਆਂ ਊਣਤਾਈਆਂ ਉੱਪਰ ਵੀ ਬਾਖੂਬੀ ਝਾਤ ਪਾਉਂਦਾ ਹੈ।

ਪਰਚਿਆਂ ਦੀ ਪੇਸ਼ਕਾਰੀ ਉਪਰੰਤ ਜਲੰਧਰ ਦੇ ਬੈਂਕ ਅਧਿਕਾਰੀ ਮੋਹਣ ਸਿੰਘ ਮੋਤੀ ਨੇ ਬਹਿਸ ਦਾ ਆਰੰਭ ਕਰਦਿਆਂ ਦੋਵਾਂ ਪਰਚਿਆਂ ਦਾ ਲੇਖਾ-ਜੋਖਾ ਕਰਦਿਆਂ ਕਿਹਾ ਕਿ ਦੋਵੇਂ ਪਰਚੇ ਬੜੀ ਮਿਹਨਤ ਨਾਲ ਤਿਆਰ ਕੀਤੇ ਗਏ ਹਨ, ਜਿਨ੍ਹਾਂ ਨਾਲ 'ਟਰਾਲੀਨਾਮਾ' ਨਾਵਲ ਦੇ ਵਿਭਿੰਨ ਪਸਾਰਾਂ ਦੀ ਡੂੰਘੀ ਟੋਹ ਲੱਗ ਜਾਂਦੀ ਹੈ। ਉਪਰੰਤ ਡਾ. ਹਰਜੀਤ ਸਿੰਘ ਸਾਬਕਾ ਮੁਖੀ ਪੋਸਟ ਗਰੈਜੂਏਟ ਵਿਭਾਗ ਅਤੇ ਸੁਖਵਿੰਦਰ ਕੌਰ ਨੇ ਬਹਿਸ ਵਿੱਚ ਹਿੱਸਾ ਲੈਂਦਿਆਂ ਨਾਵਲ ਦੇ ਕੁਝ ਅਹਿਮ ਪੱਖਾਂ 'ਤੇ ਦਰਸ਼ਕਾਂ ਦੀ ਝਾਤ ਪਵਾਈ।

ਬਹਿਸ ਦਾ ਸਿਖਰ ਡਾ. ਵਰਿਆਮ ਸੰਧੂ ਦੇ ਪ੍ਰਧਾਨਗੀ ਭਾਸ਼ਣ ਨਾਲ ਨੇਪਰੇ ਚੜ੍ਹਿਆ, ਜਿਸ ਵਿੱਚ ਉਹਨਾ ਕਿਹਾ ਕਿ ਡਾ. ਹਰਨੇਕ ਸਿੰਘ ਦੁਆਰਾ ਰਚਿਤ ਚਾਰੇ ਨਾਵਲਾਂ 'ਧੁਖਦਾ ਗੋਹਟਾ', 'ਕੂੜ ਅਮਾਵਸ', 'ਚੱਕਰਵਿਊ' ਅਤੇ 'ਟਰਾਲੀਨਾਮਾ' ਆਪਣੇ ਵਿੱਚ ਬੜੇ ਹੀ ਗੁੱਝੇ ਅਤੇ ਪ੍ਰਤੀਕਾਤਮਕ ਅਰਥ ਸਮੋਈ ਬੈਠੇ ਹਨ। ਉਹਦੇ ਨਾਵਲ ਦੇ ਪਾਤਰ ਗੰਡੋਏ ਵਰਗੀ ਹੋਂਦ ਨਹੀਂ ਰੱਖਦੇ, ਬਲਕਿ ਅਣਖ ਲਈ ਲੜਨ-ਮਰਨ ਤੇ ਜੂਝਣ ਵਾਲੇ ਹਨ ਅਤੇ ਆਪਣੀ ਸਮਰੱਥਾ ਤੋਂ ਕਿਤੇ ਵੱਧ ਸੰਘਰਸ਼ ਕਰਦੇ ਹਨ। ਪੰਜਾਬੀ ਦੇ ਬਹੁਤੇ ਨਾਵਲਕਾਰ ਔਰਤ-ਮਰਦ ਅਵੈਧ ਜਿਨਸੀ ਸੰਬੰਧਾਂ 'ਤੇ ਅਧਾਰਤ ਰਚਨਾ ਕਰਦੇ ਹਨ, ਉਥੇ ਹਰਨੇਕ ਸਿੰਘ ਹੇਅਰ ਦਾ ਨਾਵਲ 'ਟਰਾਲੀਨਾਮਾ' ਉਨ੍ਹਾਂ ਹਾਲਤਾਂ ਅਤੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਹੜੇ ਮਨੁੱਖ ਨੂੰ ਮਨੁੱਖਤਾ ਤੋਂ ਗਿਰਾ ਦਿੰਦੇ ਹਨ । ਇਹਨਾਂ ਗੁਣਾਂ ਕਾਰਨ ਮੈਂ ਇਸ ਨੂੰ ਇਕ ਸਫ਼ਲ ਨਾਵਲ ਮੰਨਦਾ ਹਾਂ । ਇਸ ਉਪਰੰਤ ਇੱਕ ਕਵੀ ਦਰਬਾਰ ਦਾ ਵੀ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪੰਜਾਬੀ ਦੇ ਨਾਮਵਰ ਕਵੀਆਂ ਸੁਰਜੀਤ ਜੱਜ, ਸੰਤ ਸੰਧੂ ਅਤੇ ਹਰਦਿਆਲ ਸਾਗਰ ਨੇ ਸਾਂਝੇ ਤੌਰ 'ਤੇ ਕੀਤੀ।

ਇਸ ਵਿੱਚ ਉਕਤ ਕਵੀਆਂ ਤੋਂ ਇਲਾਵਾ ਸੁਰਿੰਦਰ ਖੀਵਾ, ਮਨਜੀਤ ਸੋਹਲ, ਜਗਤਾਰ ਸਿੰਘ ਸੈਂਹਬੀ, ਹਰਬੰਸ ਹਿਮਾਇਤੀ, ਡਾ. ਹਰਨੇਕ ਸਿੰਘ ਤੇ ਸੁਖਵਿੰਦਰ ਕੌਰ ਨੇ ਆਪਣੀਆਂ ਰਚਨਾਵਾਂ ਪੜ੍ਹ ਕੇ ਖੂਬ ਰੰਗ ਬੰਨ੍ਹਿਆ। ਮੰਚ ਦਾ ਸੰਚਾਲਨ ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਹਰਜਿੰਦਰ ਕੌਰ ਨੇ ਸਾਂਝੇ ਤੌਰ 'ਤੇ ਕੀਤਾ। ਪੰਜਾਬੀ ਸੱਥ ਦੇ ਸੰਚਾਲਕ ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਸੁੱਚਾ ਸਿੰਘ ਕਲੇਰ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਤ

ਸਰੀ-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨ ਆਪਣਾ ਸਾਲਾਨਾ ਸਮਾਗਮ ਸਰੀ ਵਿਖੇ ਕਰਵਾਇਆ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੰਜਾਬੀ ਦੇ ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ ਨੂੰ ਸਾਲ 2024 ਲਈ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਰਾਏ ਅਜ਼ੀਜ਼ ਉਲਾ ਖਾਨ, ਅਜਮੇਰ ਰੋਡੇ ਅਤੇ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਵਿਚ ਸਾਹਿਤਕ, ਸਮਾਜਿਕ ਅਤੇ ਕਾਰੋਬਾਰੀ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ।ਸੁੱਚਾ ਸਿੰਘ ਕਲੇਰ ਦੇ ਜੀਵਨ, ਉਹਨਾਂ ਦੇ ਪੱਤਰਕਾਰੀ ਅਤੇ ਸਾਹਿਤਕ ਕਾਰਜ, ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਕੀਤੇ ਉੱਦਮ ਅਤੇ ਪੰਜਾਬੀ ਭਾਈਚਾਰੇ ਲਈ ਪਾਏ ਬੇਹੱਦ ਯੋਗਦਾਨ ਦੀ ਸ਼ਲਾਘਾ ਕਰਦਿਆਂ ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਦੇ ਦਿਲ ਅੰਦਰ ਭਾਈਚਾਰੇ ਦੀ ਪਛਾਣ ਅਤੇ ਤਰੱਕੀ ਲਈ ਅਥਾਹ ਜਜ਼ਬਾ ਹੈ। ਉਨ੍ਹਾਂ ਵੱਲੋਂ ਵੈਨਕੂਵਰ ਵਿਚ ਪੰਜਾਬੀ ਮਾਰਕੀਟ ਦੀ ਸਥਾਪਨਾ ਲਈ ਕੀਤੀ ਘਾਲਣਾ ਅਤੇ ਸੰਘਰਸ਼ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਉਹ ਬਹੁਤ ਹੀ ਨੇਕ ਇਨਸਾਨ ਹਨ। ਭਾਈਚਾਰੇ ਦਾ ਸਹੀ ਮਾਰਗ ਦਰਸ਼ਨ ਕਰਨ ਵਿੱਚ ਵੀ ਉਹਨਾਂ ਦਾ ਅਹਿਮ ਯੋਗਦਾਨ ਹੈ।

ਕਾਰੋਬਾਰੀ ਖੇਤਰ ਦੀ ਨਾਮਵਰ ਸ਼ਖ਼ਸੀਅਤ ਬਲਦੇਵ ਸਿੰਘ ਬਾਠ ਨੇ ਸੁੱਚਾ ਸਿੰਘ ਕਲੇਰ ਨੂੰ ਬੇਹੱਦ ਸਬਰ-ਸੰਤੋਖ ਅਤੇ ਠਰ੍ਹੰਮੇ ਦਾ ਮਾਲਕ ਦੱਸਦਿਆਂ ਕਿਹਾ ਕਿ ਉਹਨਾਂ ਨੇ ਅਨੇਕਾਂ ਕਾਰੋਬਾਰੀਆਂ ਨੂੰ ਯੋਗ ਅਗਵਾਈ ਪ੍ਰਦਾਨ ਕੀਤੀ ਹੈ। ਪ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਾਸਤੇ ਲੰਮਾ ਸਮਾਂ ਸੇਵਾਵਾਂ ਦਿੱਤੀਆਂ ਹਨ ਅਤੇ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਸਦਕਾ ਅੱਜ ਇਹ ਸਭਾ ਭਾਈਚਾਰੇ ਵਿਚ ਮਾਣਮੱਤਾ ਸਥਾਨ ਹਾਸਲ ਕਰ ਚੁੱਕੀ ਹੈ। ਉਹਨਾਂ ਕਿਹਾ ਕਿ ਸੁੱਚਾ ਸਿੰਘ ਕਲੇਰ ਦਾ ਸਨਮਾਨ ਅਸਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਹੀ ਸਨਮਾਨ ਹੈ। ਰਾਇ ਅਜ਼ੀਜ਼ ਉਲਾ ਖਾਨ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਕਮਿਊਨਿਟੀ ਲਈ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਉਹਨਾਂ ਨੂੰ ਸਨਮਾਨਿਤ ਕਰਨ ਦੇ ਕਾਰਜ ਨੂੰ ਸ਼ੁੱਭ ਕਦਮ ਦੱਸਿਆ।ਸਾਬਕਾ ਮੰਤਰੀ ਦੇਵ ਹੇਅਰ ਨੇ ਸੁੱਚਾ ਸਿੰਘ ਕਲੇਰ ਨਾਲ ਆਪਣੇ ਲੰਮੇਰੇ ਸੰਬੰਧਾਂ ਦੀ ਗੱਲ ਕੀਤੀ ਅਤੇ ਉਹਨਾਂ ਵੱਲੋਂ 'ਇੰਡੋ-ਕਨੇਡੀਅਨ ਟਾਈਮਜ਼' ਅਖ਼ਬਾਰ ਅਤੇ ਭਾਈਚਾਰੇ ਲਈ ਕੀਤੇ ਕਾਰਜ ਦੀ ਸ਼ਲਾਘਾ ਕੀਤੀ। ਪ੍ਰੋਫੈਸਰ ਕਸ਼ਮੀਰਾ ਸਿੰਘ, ਮੋਤਾ ਸਿੰਘ ਝੀਤਾ, ਸੁਰਜੀਤ ਸਿੰਘ ਮਾਧੋਪੁਰੀ, ਹਰਪਾਲ ਸਿੰਘ ਬਰਾੜ, ਕਵਿੰਦਰ ਚਾਂਦ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਦਰਸ਼ਨ ਸੰਘਾ, ਪਰਮਿੰਦਰ ਸਵੈਚ, ਅਜਮੇਰ ਰੋਡੇ, ਸੁਰਜੀਤ ਕਲਸੀ, ਜੋਗਿੰਦਰ ਸਿੰਘ ਸੁੰਨੜ, ਹਰਜਿੰਦਰ ਸਿੰਘ ਠਾਣਾ, ਪਲਵਿੰਦਰ ਸਿੰਘ ਰੰਧਾਵਾ ਅਤੇ ਹਰਜੀਤ ਕੌਰ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਸੁੱਚਾ ਸਿੰਘ ਕਲੇਰ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਸਰਵੋਤਮ ਐਵਾਰਡ ਲਈ ਉਹਨਾਂ ਦੀ ਚੋਣ ਕਰਨ 'ਤੇ ਸਭਾ ਅਤੇ ਸ. ਕਲੇਰ ਨੂੰ ਵਧਾਈ ਦਿੱਤੀ। ਇਨ੍ਹਾਂ ਬੁਲਾਰਿਆਂ ਨੇ ਸੁੱਚਾ ਸਿੰਘ ਕਲੇਰ ਨੂੰ ਇੱਕ ਸੁੱਚਾ ਮੋਤੀ ਦੱਸਿਆ ਅਤੇ ਇਸ ਹੀਰੇ ਦੀ ਪਛਾਣ ਕਰਨ ਲਈ ਸਭਾ ਦਾ ਧੰਨਵਾਦ ਕੀਤਾ।ਸਨਮਾਨਿਤ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ ਨੇ ਇਸ ਮੌਕੇ ਸਮਾਗਮ ਵਿੱਚ ਹਾਜ਼ਰ ਸਭਨਾਂ ਪ੍ਰਸੰਸਕਾਂ, ਸਨੇਹੀਆਂ, ਬੁਲਾਰਿਆਂ, ਵਿਦਵਾਨਾਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਦਾ ਸ਼ੁਕਰੀਆ ਅਦਾ ਕੀਤਾ। ਉਹਨਾਂ ਕਿਹਾ ਕਿ ਇਹ ਸਨਮਾਨ ਸਮੁੱਚੇ ਭਾਈਚਾਰੇ ਵੱਲੋਂ ਮਿਲੇ ਸਹਿਯੋਗ, ਪਿਆਰ, ਸਤਿਕਾਰ ਦਾ ਪ੍ਰਤੀਕ ਹੈ। ਉਨ੍ਹਾ ਇਹ ਵੀ ਕਿਹਾ ਕਿ ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦਾ ਜੋ ਬੂਟਾ ਅਸੀਂ ਆਪਣੇ ਹੱਥੀਂ ਲਾਇਆ ਸੀ, ਅੱਜ ਉਹ ਇੱਕ ਘਣਛਾਵਾਂ ਰੁੱਖ ਬਣ ਚੁੱਕਾ ਹੈ ਅਤੇ ਅੱਜ ਅਸੀਂ ਉਸ ਦੀ ਸੰਘਣੀ ਛਾਂ ਮਾਣ ਰਹੇ ਹਾਂ।

ਅੰਤ ਵਿੱਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸੁੱਚਾ ਸਿੰਘ ਕਲੇਰ ਨੂੰ 'ਸਰਵੋਤਮ ਸਾਹਿਤਕਾਰ ਐਵਾਰਡ-2024' ਪ੍ਰਦਾਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਸੁੱਚਾ ਸਿੰਘ ਕਲੇਰ ਦਾ ਸਮੁੱਚਾ ਪਰਵਾਰ ਵੀ ਮੌਜੂਦ ਸੀ। ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਲਈ ਆਪਣਾ ਕੀਮਤੀ ਸਮਾਂ ਦੇਣ ਲਈ ਤਮਾਮ ਹਾਜ਼ਰੀਨ ਦਾ ਧੰਨਵਾਦ ਕੀਤਾ।

—ਹਰਦਮ ਮਾਨ

'ਮੋਹ ਦੀਆਂ ਰਿਸ਼ਮਾਂ' ਦਾ ਲੋਕ ਅਰਪਣ ਤੇ ਗੋਸ਼ਟੀ

ਹੁਸ਼ਿਆਰਪੁਰ-ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਰਬਿੰਦਰ ਸ਼ਰਮਾ ਦੀ ਪਲੇਠੀ ਕਾਵਿ ਪੁਸਤਕ 'ਮੋਹ ਦੀਆਂ ਰਿਸ਼ਮਾਂ' ਦਾ ਲੋਕ ਅਰਪਣ ਅਤੇ ਗੋਸ਼ਟੀ ਸੰਬੰਧੀ ਸਮਾਗਮ ਰਚਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਵਜੋਂ ਡਾ. ਰੌਣਕੀ ਰਾਮ ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿਸ਼ੇਸ਼ ਮਹਿਮਾਨ ਗ਼ਜ਼ਲਗੋ ਜਸਪਾਲ ਧਾਮੀ, ਡਾ. ਕਰਮਜੀਤ ਸਿੰਘ ਕੁਰੁਕਸ਼ੇਤਰ, ਰਬਿੰਦਰ ਸ਼ਰਮਾ, ਜਸਬੀਰ ਧੀਮਾਨ ਅਤੇ ਡਾ. ਜਸਵੰਤ ਰਾਏ ਨੇ ਸ਼ਿਰਕਤ ਕੀਤੀ।ਜੀ ਆਇਆਂ ਸ਼ਬਦ ਆਖਦਿਆਂ ਸਾਹਿਤ ਸਭਾ ਦੇ ਮੁੱਖ ਸਲਾਹਕਾਰ ਮਦਨ ਵੀਰਾ ਨੇ ਰਬਿੰਦਰ ਸ਼ਰਮਾ ਦੀ ਸ਼ਾਇਰੀ ਨੂੰ ਸਤਿਅਮ, ਸ਼ਿਵਮ, ਸੁੰਦਰਮ ਦੇ ਭਾਵਾਂ ਵਾਲੀ ਸ਼ਾਇਰੀ ਕਹਿੰਦਿਆਂ ਪੰਜਾਬੀ ਸਾਹਿਤ ਜਗਤ ਵਿੱਚ ਇਸ ਪੁਸਤਕ ਦਾ ਸਵਾਗਤ ਕੀਤਾ।ਪੁਸਤਕ ਲੋਕ ਅਰਪਣ ਕਰਨ ਉਪਰੰਤ ਕਵੀ ਰਬਿੰਦਰ ਸ਼ਰਮਾ ਨੇ ਪੁਸਤਕ ਵਿੱਚੋਂ ਪੰਜ ਕਵਿਤਾਵਾਂ ਦਾ ਪਾਠ ਕੀਤਾ। ਡਾ. ਰੌਣਕੀ ਰਾਮ ਨੇ ਰਬਿੰਦਰ ਸ਼ਰਮਾ ਦੀ ਸ਼ਾਇਰੀ ਬਾਰੇ ਵਿਸਤਾਰ ਨਾਲ ਗੱਲ ਕਰਦਿਆਂ ਕਿਹਾ ਕਿ ਕਵੀ ਦੀ ਪਛਾਣ ਦਾ ਅਸਲ ਦੁਆਰ ਉਸ ਦੀ ਕਵਿਤਾ ਹੈ।ਕਵੀ ਨੂੰ ਕਵਿਤਾ ਰਾਹੀਂ ਹੀ ਮਿਲਿਆ ਜਾ ਸਕਦਾ ਹੈ।ਕਵਿਤਾ ਲਈ ਬੁਧੀ ਅਤੇ ਭਾਵਾਂ ਦੀ ਲੋੜ ਹੁੰਦੀ ਹੈ।ਦੂਜੀ ਗੱਲ ਬੁੱਧੀ ਦਾ ਵਿਦਿਆ ਨਾਲ ਕੋਈ ਸੰਬੰਧ ਨਹੀਂ ਹੁੰਦਾ।ਰਬਿੰਦਰ ਦੀ ਕਵਿਤਾ ਸਮਾਜਕ ਅਤੇ ਆਰਥਕ ਸਰੋਕਾਰਾਂ ਨਾਲ ਜੁੜੀ ਹੋਈ ਹੈ।ਡਾ. ਕਰਮਜੀਤ ਸਿੰਘ ਅਤੇ ਜਸਪਾਲ ਧਾਮੀ ਨੇ ਮੋਹ ਦੀਆਂ ਰਿਸ਼ਮਾਂ ਨੂੰ ਪ੍ਰਗੀਤਕ ਰੰਗ ਵਾਲੀ ਠੇਠ ਪੰਜਾਬੀ ਮੁਹਾਵਰੇ ਵਿੱਚ ਗੜ੍ਹਚ ਕਵਿਤਾ ਦੱਸਦਿਆਂ ਕਿਹਾ ਕਿ ਇਹ ਸਮਾਜ ਦੀ ਨਪੀੜੀ ਜਾ ਰਹੀ ਧਿਰ ਦੇ ਨਾਲ ਖੜ੍ਹਨ ਵਾਲੀ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਸ਼ਾਇਰੀ ਹੈ।ਵਿਚਾਰ-ਚਰਚਾ ਵਿੱਚ ਡਾ. ਸ਼ਮਸ਼ੇਰ ਮੋਹੀ, ਡਾ. ਤੇਜਪਾਲ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ, ਵਿਜੇ ਬੰਬੇਲੀ, ਮੈਡਮ ਸੈਕੁੰਸ਼ ਨੇ ਵੀ ਹਿੱਸਾ ਲਿਆ।ਸਾਹਿਤ ਸਭਾ ਵੱਲੋਂ ਡਾ. ਰੌਣਕੀ ਰਾਮ, ਜਸਪਾਲ ਧਾਮੀ, ਰਬਿੰਦਰ ਸ਼ਰਮਾ ਅਤੇ ਵਿਜੇ ਬੰਬੇਲੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।

ਜਨਾਬ ਇਸ਼ਤਿਆਕ ਅਹਿਮਦ, ਇੱਕ ਸੰਵਾਦ

ਲੁਧਿਆਣਾ -ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 11 ਅਪ੍ਰੈਲ, ਦੁਪਹਿਰ ਢਾਈ ਵਜੇ ਪੰਜਾਬੀ ਭਵਨ, ਲੁਧਿਆਣਾ ਵਿਖੇ ਪ੍ਰੋਫ਼ੈਸਰ ਈਮੈਰਿਟਸ ਆਫ਼ ਪੋਲਿਟੀਕਲ ਸਾਇੰਸ ਸਟਾਕਹੋਮ ਯੂਨੀਵਰਸਿਟੀ ਸਵੀਡਨ ਤੋਂ ਜਨਾਬ ਇਸ਼ਤਿਆਕ ਅਹਿਮਦ ਲੁਧਿਆਣੇ ਤੋਂ ਲਾਹੌਰ ਦੇਸ਼ ਵੰਡ ਦੇ ਆਰ-ਪਾਰ ਵਿਸ਼ੇ 'ਤੇ ਚਰਚਾ ਕਰਨਗੇ। ਉਪਰੋਕਤ ਜਾਣਕਾਰੀ ਦਿੰਦਿਆਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਜ

7-April-Sunday.qxd 4/6/2024 10:24 PM Page 3

ਗੁਰਜੰਟ ਰਾਜੇਆਣਾ ਦੀਆਂ ਨਵੀਂਆਂ ਕਵਿਤਾਵਾਂ

ਓੜ੍ਹ-ਪੋੜ੍ਹ ?

ਸੁਰਜੀਤ ਕੌਰ
ਪਰ !
ਸਾਰੇ ਪਿੰਡ ਲਈ
ਜੀਤੋ ਡੁੱਡੀ

ਮੈਂ ਸਦਾ ਹੀ
ਵੇਖੀ ਹੈ ਕਰਦੀ
ਜ਼ਿੰਦਗੀ ਦੇ ਓੜ੍ਹ-ਪੋੜ੍ਹ ?

ਹਾੜ੍ਹੀ-ਸਾਉਣੀ ਕਰਦੀ
ਪਸ਼ੂਆਂ ਨਾਲ਼ ਪਸ਼ੂ ਹੋਈ
ਪਤੀ ਮੁਨਸ਼ੀ ਦੇ ਨਸ਼ੇ-ਪੱਤੇ ਪੂਰਦੀ

ਉਸ !
ਪਿਉ ਬਣ ਕੀਤਾ
ਧੀ ਰਾਣੀ ਦਾ ਚੁੰਨੀ ਚੜ੍ਹਾਵਾ
ਪੁੱਤ ਨੂੰ ਛੋਟੇ
ਫਿਰ ਵੱਡੇ ਸਕੂਲ
ਤੇ ਫਿਰ ਵੱਡੇ ਕਾਲਜ
ਪੜ੍ਹਾਉਣ ਖ਼ਾਤਿਰ
ਉਸ ਦਿਨ-ਰਾਤ ਕੀਤੇ ਇੱਕ

ਦਿਨ ਫਿਰੇ
ਪੁੱਤ ਹੋਇਆ ਨੌਕਰ
ਵੱਡੇ ਸ਼ਹਿਰ ਦੇ ਵੱਡੇ ਘਰ 'ਚ
ਸਭ ਲਈ ਹੈ ਥਾਂ
ਪਰ ਜੀਤੋ ਦੀ ਬੋਲੀ
ਅਤੇ ਮੁਨਸ਼ੀ ਦੀ ਖਊਂ-ਖਊਂ ਤੋਂ
ਤ੍ਰਭਕ ਜਾਂਦੀ ਹੈ
ਪੁੱਤ ਦੀ ਮਾਡਰਨ ਪਤਨੀ
ਤ੍ਰਭਕ ਜਾਂਦਾ ਹੈ
ਪੁੱਤ ਦਾ ਸਮਾਜਿਕ ਰੁਤਬਾ

ਆਖ਼ਿਰ !
ਸ਼ਹਿਰ, ਰੁਤਬਿਆਂ,
ਆਦਮਾਂ ਤੋਂ ਡਰਦਾ
ਚੱਲ ਵਸਿਆ ਹੈ ਮੁਨਸ਼ੀ

ਜੀਤੋ ਅੱਜਕੱਲ੍ਹ !
ਵੱਡੇ ਘਰ ਦੇ ਛੋਟੇ ਜਿਹੇ ਕਮਰੇ 'ਚ
ਰੁੱਝੀ ਰਹਿੰਦੀ ਹੈ
ਜਿਊਂਦੇ ਰਹਿਣ ਦੇ
ਓੜ੍ਹ-ਪੋੜ੍ਹ ? 'ਚ

ਯੁੱਧ-1

ਸਾਡੀ !
ਨਗਨਤਾ ਦੀ ਪੀੜ ਤੋਂ
ਕੱਜੇ ਹੋਣ ਤੱਕ ਦੇ ਫ਼ਖ਼ਰ
ਭੁੱਖੇ-ਤਿਹਾਏ ਭਟਕਦਿਆਂ ਤੋਂ
ਭਰੇ ਪੇਟ ਜਿਊਂਣ ਦੇ ਹੁਨਰ
ਗੱਲ ਕੀ !
ਅਸਭਿਅਤਾ ਤੋਂ
ਸਭਿਅਤਾ ਤੱਕ
ਸਾਡੇ ਉੱਸਰ ਜਾਣ ਤੋਂ
ਇਨ੍ਹਾਂ ਸ਼ੁੱਧ ਸੰਸਕ੍ਰਿਤੀ ਵਾਲਿਆਂ ਨੂੰ
ਹੋ ਗਿਐ ਡਾਢਾ ਭੈਅ

ਅੱਜਕੱਲ੍ਹ !
ਢਕਣ ਲਈ
ਆਪਣੀ ਛਿੱਜੀ ਮਰਦਾਵੀਂ ਹਉਂ
ਇਹ ਫਿਰ ਨੇ ਕਾਹਲ਼ੇ
ਕਰਨ ਲਈ ਨਗਨ
ਅਸਾਡਾ ਢਕਿਆ ਜਿਸਮ
ਕਰਨ ਲਈ
ਅਸਾਡੀ ਹੋਂਦ ਦਾ ਬੀਅ-ਨਾਸ

ਪਰ !
ਦੇਵ ਪੁਰਸ਼ ਕਹਾਉਂਦੇ
ਫ਼ਿਰਕੂ ਸੱਤਾ ਦੇ ਪੂਜਕ
ਰਹੇ ਨੇ ਭੁੱਲ
ਇਸ ਨਗਨਤਾ ਨੂੰ ਢਕਣ ਲਈ
ਸਾਡੇ ਦੁਆਰਾ ਕੀਤੇ ਸ਼ਿਕਾਰ
ਸ਼ੇਰ, ਬਘਿਆੜ, ਚੀਤਿਆਂ ਦੀਆਂ
ਲੋਥਾਂ ਦਾ ਹਸ਼ਰ

ਇਹ !
ਰਹੇ ਨੇ ਭੁੱਲ
ਕਿ ਸਾਡੇ ਰਹਿਬਰ ਨੇ ਹਥਿਆਰ
ਸਾਡਾ ਵਿਰਸਾ ਹੈ ਯੁੱਧ

ਯੁੱਧ-2

ਨਵੇਂ ਯੁੱਗ ਦੇ
ਸਾਧਨ ਸੰਪੰਨ ਆਰੀਆ
ਸਾਡੇ 'ਤੇ
ਹਮਲਾ ਕਰਨ ਲਈ
ਅੱਜਕੱਲ੍ਹ !
ਹੱਥੀਂ ਕਟਾਰਾਂ ਨਹੀਂ ਰੱਖਦੇ

ਹੁਣ ਤਾਂ !
ਇਨ੍ਹਾਂ ਸਿੱਖ ਲਿਆ ਹੈ ਹੁਨਰ
ਜੀਭਾਂ ਨਾਲ
ਕੋਹ-ਕੋਹ ਮਾਰਨ ਦਾ

ਆਓ !
ਮੇਰੇ ਦੇਸ਼ ਦੇ
ਜੁਝਾਰੂ ਲੋਕੋ
ਆਪਣੀ ਹੋਂਦ ਦਾ ਸੂਰਜ
ਮੱਥੇ 'ਚ ਮਘਾ
ਚੇਤੰਨਤਾ ਦੇ ਮਾਰਗ 'ਤੇ
ਹੋ ਸਵਾਰ
ਯੁੱਧ ਲੜਨ ਦਾ ਪੈਂਤੜਾ ਬਦਲੀਏ...

ਸਿੱਖੀਏ ਹੁਨਰ
ਦੁਸ਼ਮਣ ਦੀਆਂ ਜੀਭਾਂ
ਠਾਕਣ ਦਾ

ਇਹ ਯੁੱਗ
ਨੀਵੀਆਂ ਪਾ ਕੇ
ਤੁਰਨ ਦਾ ਨਹੀਂ
ਇਹ ਯੁੱਗ !
ਰੁਕਣ, ਸੌਣ, ਮਰਨ ਦਾ ਨਹੀਂ
ਵਗਣ, ਜਾਗਣ, ਜਿਊਂਣ ਦਾ ਹੈ

ਅਸੀਸ

ਮੈਂ ਜਦ ਵੀ
ਸਰਦੇ-ਪੁੱਜਦੇ ਘਰੀਂ
ਲੋਹੜੀ ਮੰਗਦੇ ਗਾਮੇ ਹੋਰਾਂ ਨਾਲ਼
ਜਾਣ ਦੀ ਜ਼ਿੱਦ ਕਰਦਾ
ਤਾਂ !
ਅੱਖਰ ਗਿਆਨ ਤੋਂ ਕੋਰੀ
ਪਰ !
ਦਾਨਿਸ਼ਵਰ ਮਾਂ
ਮੈਨੂੰ ਪਰਚਾਉਂਦੀ ਹੋਈ ਕਹਿੰਦੀ
ਪੁੱਤ ਮੰਗਣ ਵਾਲ਼ੇ ਨਹੀਂ
ਵੰਡਣ ਵਾਲ਼ੇ ਬਣੀਦੈ

ਕਈ ਦਹਾਕੇ
ਦਫ਼ਤਰੀਂ ਰੁਜ਼ਗਾਰ,
ਸਰਕਾਰਾਂ ਤੋਂ ਹੱਕ
ਡਿਗਰੀਆਂ ਤੋਂ ਵਰ ਮੰਗਦਿਆਂ
ਹਰ ਵਾਰ
ਮਨ 'ਚ ਦੁਹਰਾਇਆ ਹੈ
ਮਾਂ ਦਾ ਕਥਨ

ਅੱਜ !
ਮੰਗਣ ਤੇ ਵੰਡਣ ਦਾ
ਜੋੜ ਘਟਾਓ ਕਰਦਿਆਂ
ਆ ਖੜ੍ਹਿਆ ਹਾਂ
ਨਿੱਜੀ ਲਾਇਬ੍ਰੇਰੀ 'ਚ

ਕੰਧ 'ਤੇ ਲਟਕੀ ਫੋਟੋ 'ਚੋਂ
ਮਾਂ !
ਮੁਸਕਰਾਈ ਹੈ
ਉਸ ਦੇ ਹੋਠਾਂ 'ਚੋਂ
ਕਿਰੀ ਹੈ ਅਸੀਸ

ਖ਼ੁਰਚ ਦਿੰਦਾ ਹਾਂ

ਮਾਂ ਜਦ ਵੀ !
ਸੁਫਨੇ ਵਿੱਚ ਆਉਂਦੀ ਏ
ਹੋਰ ਕੁੱਬੀ ਹੋਈ
ਕਿਸੇ ਨਾ ਕਿਸੇ ਘਰ ਦਾ
ਗੋਹਾ-ਕੂੜਾ ਕਰਦੀ
ਮੇਰੇ, ਸਕੂਲੋਂ ਆਉਂਦੇ ਵੱਲ
ਬਾਹਾਂ ਉਲਾਰ
ਗੋਹੇ ਲਿੱਬੜੇ ਹੱਥ
ਅੱਗੇ ਵਧਾਉਂਦੀ ਏ

ਵੇਖ !
ਤ੍ਰਭਕ ਜਾਂਦਾ ਹਾਂ ਮੈਂ
ਪੈਰਾਂ ਵਾਂਗ ਹੱਥਾਂ ਦੀਆਂ ਬਿਆਈਆਂ
ਹੋ ਗਈਆਂ ਹੋਰ ਡੂੰਘੀਆਂ

ਮਾਂ ਦਿਨ ਢਲ਼ੇ
ਮੋਮਬੱਤੀ ਦੇ ਟੋਟੇ ਤੇ ਤੇਲ
ਦੀਵੇ ਵਿਚ ਗਾਲਦੀ
ਬਿਆਈਆਂ ਭਰਦੀ
ਫਿਰ ਚੁੱਲ੍ਹੇ-ਚੌਕੇ ਦਾ ਆਹਰ ਕਰਦੀ
ਮੈਲ਼ੀ ਚੁੰਨੀ ਦੇ ਲੜ ਬੰਨ੍ਹੇ
ਛਿੱਲੜ ਜਾਂਚਦੀ
ਰੱਬ ਦਾ ਸ਼ੁਕਰਾਨਾ ਕਰਦੀ
ਕੜਛੇ 'ਚ ਗੁੱਗਲ ਪਾ
ਨੇਮ ਨਾਲ਼
ਬਿਨ ਤਖ਼ਤੇ ਥੰਮ੍ਹਾਂ 'ਤੇ ਧੁਖਾਉਂਦੀ
ਘਰ ਨੂੰ ਹਰ ਬਲਾ ਤੋਂ ਬਚਾਉਂਦੀ
ਅਚਾਨਕ ਠੇਡਾ ਖਾ ਧੜਾਕ..
ਡਿੱਗ ਪੈਂਦੀ ਏ

ਮੇਰੀ !
ਪਟੱਕ ਅੱਖ ਖੁੱਲ੍ਹ ਜਾਂਦੀ ਏ
ਤੇ ਮੈਂ ਉੱਠਦਿਆਂ ਸਾਰ
ਮਾਂ ਦੀ ਫੋਟੋ 'ਤੇ ਲਿਖਿਆ
'ਸਵਰਗ-ਵਾਸੀ' ਵਿਸ਼ੇਸ਼ਣ
ਖੁਰਚ ਦਿੰਦਾ ਹਾਂ

ਨਹੀਂ ਚਾਹੁੰਦਾ ਸ਼ਹਿਰ

ਜਦ ਵੀ !
ਮੈਨੂੰ ਵਿਚਰਦਿਆਂ
ਕੰਮ ਕਰਦਿਆਂ ਤੱਕਦੀ ਹੈ
ਮਾਂ,
ਕੋਈ ਸ਼ਰੀਕ,
ਰਿਸ਼ਤੇਦਾਰ
ਤਾਂ ਖ਼ੁਸ਼ ਹੋ ਨੇ ਕਹਿੰਦੇ ਅਕਸਰ
'ਇਹ ਤਾਂ ਦਾਦੇ 'ਤੇ ਗਿਐ'

ਦਾਦਾ !
ਜੋ ਪਿੰਡ ਵਿਚ ਸੀ
ਸਭ ਤੋਂ ਚੀੜ੍ਹਾ
ਸ਼ਰੀਫ਼, ਇਮਾਨਦਾਰ
ਖੁੱਲ੍ਹ ਕੇ ਹੱਸਣ ਵਾਲ਼ਾ
ਕਈ ਪਿੰਡਾਂ 'ਚ
ਸੀ ਮੰਨਿਆ-ਪ੍ਰਮੰਨਿਆ
ਸਾਂਝੀ-ਸੀਰੀ

ਪਰ !
ਸ਼ਹਿਰ 'ਚ ਰਹਿੰਦਿਆਂ
ਕੁਲੀਗਾਂ,
ਮੁਹੱਲੇਦਾਰਾਂ ਸਾਹਵੇਂ
ਜਦ ਵੀ ਮੇਰੇ 'ਚੋਂ
ਬੋਲਣ ਲੱਗਦਾ ਹੈ ਦਾਦਾ
ਤਾਂ !
ਸਭ ਦਿੰਦੇ ਨੇ ਮੈਨੂੰ
ਪਰੰਪਰਾਵਾਦੀ
ਮਨੁੱਖ ਹੋਣ ਦਾ ਲਕਬ
ਕਹਿੰਦੇ ਨੇ ਸਭ
ਵੇਲ਼ਾ ਵਿਹਾਅ ਚੁੱਕੀਆਂ
ਕੀਮਤਾਂ ਦਾ ਉਪਾਸ਼ਕ

ਨਹੀਂ ਚਾਹੁੰਦਾ ਸ਼ਹਿਰ
ਮੇਰੇ 'ਚੋਂ ਬੋਲੇ ਦਾਦਾ
ਮੇਰੇ ਧੀ, ਪੁੱਤ 'ਚੋਂ
ਬੋਲਾਂ ਮੈਂ...

ਰੁੱਖ

ਹੱਥੀਂ ਲਾਇਆ ਬੂਟਾ
ਬਣ ਗਿਆ ਰੁੱਖ
ਦੇਖ-ਦੇਖ
ਦਿਲ ਬੜਾ ਹੁੰਦਾ ਖ਼ੁਸ਼
ਬੇਸ਼ਕ ਹੋਇਐ ਮੇਰੇ ਤੋਂ ਉੱਚਾ
ਪਰ !
ਜਾਪਦਾ ਮੈਨੂੰ ਮੇਰਾ ਛੋਟਾ ਵੀਰ

ਪਿੰਡ ਵਾਲ਼ੇ ਘਰ
ਹੋ ਰਹੀ ਹੈ ਭਰਾਵੀਂ ਵੰਡ
ਸ਼ੁਕਰ !
ਮੇਰੇ ਹਿੱਸੇ ਦੀ ਥਾਂ 'ਚ ਹੀ ਆਇਐ
ਹੱਥੀਂ ਸਿੰਜਿਆ 'ਰੁੱਖ'

ਬੀਬੀ ਤੇ ਮੈਂ
ਲਿਆ ਹੈ ਸੁੱਖ ਦਾ ਸਾਹ

ਤੁਰਨ ਲੱਗੀ ਪੰਚਾਇਤ ਨੂੰ
ਪਿੱਛੋਂ ਪਈ ਹੈ ਆਵਾਜ਼
ਦਿਲ 'ਚ ਕਿਰਚ ਵਾਂਗ ਖੁੱਭੇ ਨੇ
ਵੱਡੇ ਭਾਈ ਦੇ ਨੇ ਬੋਲ

'ਆਹ ਰੁੱਖ ਦਾ ਹੇਜ ਨਾ ਕਰੇ ਛੋਟਾ
ਨਾਲ਼ੇ ਇਹ ਹੋਇਆ ਸ਼ਹਿਰੀਆ
ਪਿੰਡ ਦੀਆਂ ਚੀਜ਼ਾਂ ਦਾ
ਛੱਡੇ ਹੁਣ ਮੋਹ'

ਮੈਂ ਖੜ੍ਹਨ ਲਈ
ਧਰਤੀ ਰਿਹਾਂ ਹਾਂ ਭਾਲ਼

ਪਰਵਾਸ

ਪਿੰਡ ਨੂੰ
ਜ਼ਰਾ ਕੁ ਠਹਿਰ !
'ਮੈਂ ਆਇਆ'
ਕਹਿ ਤੁਰ ਆਏ ਸਾਂ

ਮਹਾਂਨਗਰ !
ਰੋਟੀ, ਰੁਜ਼ਗ਼ਾਰ
ਪੱਕੇ ਕਰਦਿਆਂ ਦਾ
ਸਾਡਾ ਕਰ ਲਿਆ
ਮੱਧਵਰਗੀਕਰਨ
ਪਰ !
ਸਾਡੇ ਅਸਲ ਤੋਂ ਲੱਗਦਾ ਰਿਹਾ
ਇਸ ਦੀ ਅਖੌਤੀ
ਉੱਚ ਸੰਸਕ੍ਰਿਤੀ ਨੂੰ ਡਰ

ਕਮਾਉਂਦੇ-ਹੰਢਾਉਂਦੇ
ਅਸੀਂ ਪਰਤੇ ਪਿੰਡ
ਪਰ !
ਹਰ ਰਿਸ਼ਤੇ ਦੇ
ਮੱਥੇ ਖੁਣਿਆ ਮਿਲਿਆ
ਸਾਡੇ ਲਈ ਬੇਦਖ਼ਲੀ ਨੋਟਿਸ

ਆਖ਼ਿਰ !
ਮਨੋ-ਮਨੀ
ਇੱਕ ਹੋਰ ਪਰਵਾਸ
ਦੀ ਤਿਆਰੀ ਲਈ
ਖ਼ੁਦ ਨੂੰ ਕਰਦਿਆਂ ਰਾਜ਼ੀ
ਬੁੱਕ ਕਰ ਲਈ ਹੈ
ਰੇਲ ਦੀ ਟਿਕਟ

ਮੋਬਾ. 76967-67647

ਅਨੋਖਾ ਸਬੱਬ

ਸਾਲ 2022 ਵਿੱਚ ਕੈਨੇਡਾ ਵਿੱਚ ਬੱਚਿਆਂ ਕੋਲ ਜਾਣ ਦਾ ਸਬੱਬ ਬਣਿਆ। ਵੀਜ਼ੇ ਮੁਤਾਬਕ ਸਾਢੇ ਕੁ ਪੰਜ ਮਹੀਨੇ ਉਨ੍ਹਾਂ ਕੋਲ ਰਹੇ, ਵਕਤ ਬੜਾ ਵਧੀਆ ਬਤੀਤ ਹੋਇਆ। ਬੱਚਿਆਂ ਨੇ ਹਰ ਉਹ ਜਗ੍ਹਾ, ਜੋ ਘੁੰਮਣ-ਫਿਰਨ ਵਾਲੀ ਸੀ, ਦਿਖਾਈ। ਪਰਵਾਰ ਵਿੱਚ ਰਹਿੰਦਿਆਂ ਹੱਸਦਿਆਂ-ਖੇਡਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਸਾਡਾ ਵਕਤ ਬੀਤ ਗਿਆ। ਪ੍ਰਦੇਸਾਂ ਦੇ ਵਿਛੋੜੇ ਝੱਲਣੇ ਸੌਖੇ ਨਹੀਂ ਹੁੰਦੇ। ਤਰਸਦੀਆਂ ਅੱਖੀਆਂ ਮਸਾਂ ਜਾ ਕੇ ਆਵਦੇ ਬੱਚਿਆਂ ਨੂੰ ਵੇਖਦੀਆਂ ਤੇ ਕਲਾਵੇ 'ਚ ਲੈਂਦੀਆਂ, ਬਾਹਵਾਂ ਸਾਰੀ ਰੂਹ ਨੂੰ ਤਰੋਤਾਜ਼ਾ ਕਰ ਦਿੰਦੀਆਂ ਤੇ ਵਿਛੜਣ ਵੇਲੇ ਉਹੀ ਛਲਕਦਾ ਮਨ ਪਤਾ ਨਹੀਂ ਕਦੋਂ ਹੰਝੂਆਂ ਦਾ ਰੂਪ ਲੈ ਲੈਂਦਾ। ਵਾਪਸ ਮੁੜਨ ਦਾ ਵਕਤ ਆ ਗਿਆ, ਉਦਾਸ ਮਨ ਨਾਲ ਬੱਚਿਆਂ ਨੂੰ ਕਲਾਵੇ ਵਿੱਚ ਲਿਆ। ਵਿਛੋੜੇ ਵਾਲਾ ਵਕਤ ਤਾਂ ਵੱਡਿਆਂ-ਵੱਡਿਆਂ ਨੂੰ ਅੰਦਰੋਂ ਪਿਘਲਾ ਦਿੰਦਾ ਤੇ ਫੇਰ ਮਾਂ ਦਾ ਦਿਲ ਤਾਂ ਮੋਮ ਤੋਂ ਵੀ ਨਰਮ ਹੁੰਦਾ। ਰੂਸ-ਯੂਕਰੇਨ ਦੀ ਜੰਗ ਕਾਰਨ ਏਅਰ ਕੈਨੇਡਾ ਦੀਆਂ ਸਿੱਧੀਆਂ ਫਲਾਈਟਾਂ (ਵੈਨਕੂਵਰ ਤੋਂ ਦਿੱਲੀ) ਬੰਦ ਹੋ ਚੁੱਕੀਆ ਸਨ, ਸੋ ਸਾਨੂੰ ਪਹਿਲਾਂ ਵੈਨਕੂਵਰ ਤੋਂ ਮੌਂਟਰੀਅਲ ਜਾਣਾ ਪਿਆ। ਉੱਥੇ ਸਾਢੇ ਚਾਰ ਕੁ ਘੰਟੇ ਦਾ ਸਟੇਅ ਸੀ। ਏਅਰਪੋਰਟ 'ਤੇ ਬੈਠਿਆਂ ਸਾਡੇ ਤੋਂ ਕੁਝ ਹੀ ਦੂਰੀ 'ਤੇ ਇਕ ਔਰਤ ਆਪਣੇ ਨਾਲ ਵਾਲੀ ਔਰਤ ਨਾਲ ਕਾਫੀ ਗੱਲਾਂ ਕਰ ਰਹੀ ਸੀ, ਉਹ ਚਿਹਰੇ ਤੋਂ ਥੋੜ੍ਹੀ ਗੰਭੀਰ ਦਿਖ ਰਹੀ ਸੀ। ਮੈਂ ਦੋ-ਤਿੰਨ ਵਾਰ ਉਸ ਵੱਲ ਬੜੇ ਧਿਆਨ ਨਾਲ ਦੇਖਿਆ, ਸ਼ਾਇਦ ਉਸ ਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਸਾਂ। ਚਾਰ ਘੰਟੇ ਬੀਤ ਚੁੱਕੇ ਸਨ, ਸਾਡੀ ਅਗਲੀ ਫਲਾਈਟ ਦਾ ਸਮਾਂ ਆ ਗਿਆ, ਜੋ ਸਿੱਧੀ ਦਿੱਲੀ ਆਉਣੀ ਸੀ। ਏਅਰਪੋਰਟ 'ਤੇ ਸਾਰੀ ਤਫਤੀਸ਼ ਬਾਅਦ ਅਸੀਂ ਆਪਣੀਆਂ ਸੀਟਾਂ 'ਤੇ ਬੈਠ ਗਏ। ਸਫਰ ਬਹੁਤ ਲੰਮਾ ਹੋਣ ਕਰਕੇ ਥਕਾਵਟ ਹੋਣੀ ਤਾਂ ਲਾਜ਼ਮੀ ਸੀ। ਅਕਸਰ ਏਨੇ ਸਫਰ ਦੌਰਾਨ ਲੋਕ ਕਾਫੀ ਸਮਾਂ ਸੌਂ ਕੇ ਬਤੀਤ ਕਰਦੇ ਹਨ। ਜਦੋਂ ਕਾਫੀ ਸਮਾਂ ਬੀਤ ਗਿਆ ਤਾਂ ਸਰੀਰ ਨੂੰ ਥਕਾਵਟ ਮਹਿਸੂਸ ਹੋਈ। ਆਪਣੀ ਸੀਟ ਤੋਂ ਖੜੇ ਹੋ ਕੇ ਕੁਝ ਸਮਾਂ ਖੜਨ ਬਾਅਦ ਮੈਂ ਥੋੜ੍ਹਾ-ਬਹੁਤਾ ਟਹਿਲਣਾ ਸ਼ੁਰੂ ਕੀਤਾ। ਇਸੇ ਦੌਰਾਨ ਮੇਰੀ ਨਜ਼ਰ ਅਗਲੀ ਸੀਟ 'ਤੇ ਪਈ ਤਾਂ ਉਹੀ ਔਰਤ, ਜੋ ਥੋੜ੍ਹੀ ਉਦਾਸ ਜਿਹੀ ਦਿਸ ਰਹੀ ਸੀ, ਉਸੇ ਸੀਟ 'ਤੇ ਬੈਠੀ ਸੀ। ਥੋੜ੍ਹੀ ਵਾਰਤਾਲਾਪ ਸਾਡੇ ਦਰਮਿਆਨ ਸ਼ੁਰੂ ਹੋਈ। ਪਤਾ ਲੱਗਾ ਕਿ ਉਹ ਵੀ ਪੰਜਾਬ ਹੀ ਜਾ ਰਹੀ ਹੈ। ਮੇਰੇ ਸ਼ਹਿਰ ਪੁੱਛਣ 'ਤੇ ਉਸ ਨੇ ਦੱਸਿਆ ਤਾਂ ਸ਼ਹਿਰ ਦਾ ਨਾਂਅ ਸੁਣ ਕੇ ਮੇਰੀ ਉਤਸੁਕਤਾ ਹੋਰ ਵਧ ਗਈ, ਕਿਉਂਕਿ ਉਹ ਤਾਂ ਮੇਰੇ ਪੇਕਿਆਂ ਦਾ ਸ਼ਹਿਰ ਸੀ। ਆਪਣੇ ਪੇਕਿਆਂ ਦੇ ਸ਼ਹਿਰ, ਪਿੰਡ ਦਾ ਨਾਂਅ ਸੁਣ ਕੇ ਤਾਂ ਹਰ ਔਰਤ ਖੁਸ਼ੀ ਵਿੱਚ ਖੀਵਾ ਹੋ ਜਾਂਦੀ ਹੈ, ਕੁਝ ਅਜਿਹਾ ਹੀ ਮੇਰੇ ਨਾਲ ਹੋਇਆ। ਸਾਡੀ ਗੱਲਬਾਤ ਜਾਰੀ ਰਹੀ। ਉਸ ਨੇ ਮੇਰੇ ਹੀ ਸ਼ਹਿਰ ਤੇ ਉਸੇ ਹੀ ਮੁਹੱਲੇ ਵਿੱਚ ਜਾਣਾ ਸੀ। ਇਤਫਾਕ ਨਾਲ ਉਸ ਦੇ ਪੇਕੇ ਵੀ ਉਸੇ ਹੀ ਸ਼ਹਿਰ ਵਿੱਚ ਸਨ। ਗੱਲਾਂ-ਗੱਲਾਂ ਵਿੱਚ ਉਸ ਨੇ ਆਪਣਾ ਨਾਂਅ ਤੇ ਮਾਂ-ਬਾਪ ਦਾ ਨਾਂਅ ਵੀ ਦੱਸਿਆ। ਉਸ ਨੇ ਆਪਣੀ ਉਮਰ ਤੱਕ ਦੱਸਿਆ ਤਾਂ ਉਹ ਮੇਰੇ ਤੋਂ ਕੋਈ ਸੱਤ ਕੁ ਸਾਲ ਵੱਡੀ ਸੀ। ਉਹ ਮੇਰੀ ਸਭ ਤੋਂ ਵੱਡੀ ਭੈਣ ਨਾਲ ਪੜ੍ਹਦੀ ਸੀ। ਮੈਂ ਉਸ ਨੂੰ ਕੋਈ ਚਾਰ ਕੁ ਦਹਾਕਿਆ ਬਾਅਦ ਵੇਖਿਆ ਸੀ। ਉਸ ਨੇ ਭਰੇ ਜਿਹੇ ਮਨ ਨਾਲ ਦੱਸਿਆ, 'ਉਸ ਦੀ ਮਾਂ ਦੀ ਮੌਤ ਹੋ ਗਈ ਹੈ, ਉਹ ਸਸਕਾਰ 'ਤੇ ਤਾਂ ਭਾਵੇਂ ਨਹੀਂ ਪਹੁੰਚ ਸਕੀ, ਪਰ ਭੋਗ 'ਤੇ ਜ਼ਰੂਰ ਪਹੁੰਚੇਗੀ।' ਉਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, 'ਕੀ ਕਰੀਏ ਪ੍ਰਦੇਸਾਂ ਦਾ ਮਾਮਲਾ ਹੈ.... ਕਿਹੜਾ ਨੇੜੇ-ਤੇੜੇ ਹੈ..... ਦਿਲ ਤਾਂ ਕਰਦਾ ਸੀ ਕਿ ਉੱਡ ਕੇ ਪਹੁੰਚ ਜਾਵਾਂ, ਪਰ ਮਜਬੂਰੀਆਂ' ਏਨਾ ਕਹਿ ਉਸ ਦੀਆਂ ਅੱਖਾਂ ਛਲਕਣ ਲੱਗੀਆਂ। ਥੋੜ੍ਹੀ ਹਮਦਰਦੀ ਜਤਾਉਣ ਬਾਅਦ ਮੈਂ ਆਪਣੀ ਸੀਟ 'ਤੇ ਬੈਠ ਗਈ। ਸੋਚ ਰਹੀ ਸਾਂ ਦੁੱਖ ਦੀ ਘੜੀ ਵਿੱਚ ਏਨਾ ਲੰਮਾ ਸਫਰ ਵਾਕਿਆ ਹੀ ਬਹੁਤ ਔਖਾ ਹੈ, ਪਤਾ ਨਹੀਂ ਸੋਚਦਿਆਂ ਹੀ ਥੋੜ੍ਹੀ ਅੱਖ ਲੱਗ ਗਈ ਤੇ ਅਸੀਂ ਦਿੱਲੀ ਪਹੁੰਚ ਗਏ। ਏਅਰਪੋਰਟ 'ਤੇ ਉਨ੍ਹਾਂ ਮੈਨੂੰ ਘੁੱਟ ਕੇ ਗਲਵਕੜੀ ਪਾਈ, ਨਿੱਘੀ ਜਿਹੀ ਫਤਹਿ ਬੁਲਾ ਅਸੀਂ ਆਪੋ ਆਪਣੇ ਰਾਹ ਪੈ ਗਏ।

ਅੱਜ ਪੂਰੇ ਇਕ ਸਾਲ ਬਾਅਦ ਉਹ ਹੀ ਮਹੀਨਾ, ਉਹੀ ਤਰੀਕਾਂ, ਉਹੀ ਫਲਾਈਟ, ਉਹੀ ਮੁਹੱਲਾ, ਉਹੀ ਸ਼ਹਿਰ ਮੇਰੇ ਪੇਕਿਆਂ ਵਾਲਾ, ਉਹੀ ਸਮਾਂ, ਉਹੀ ਪ੍ਰਦੇਸਾਂ ਵਾਲੀਆਂ ਮਜਬੂਰੀਆਂ ਦਿਲ ਵਿੱਚ ਸਮਾਅ ਭਰੇ ਮਨ ਨਾਲ ਮੈਂ ਆਪਣੀ ਮਾਂ ਦੇ ਭੋਗ 'ਤੇ ਜਾ ਰਹੀ ਸਾਂ।

— ਗੁਰਜੀਤ ਕੌਰ ਮੋਗਾ

ਸਫ਼ਾ 1 ਦੀ ਬਾਕੀ

ਵਿੱਦਿਆ ਵੀਚਾਰੀ-ਬਨਾਮ ਵਪਾਰ...

ਵਪਾਰੀ ਲੋਕਾਂ ਦੇ ਹੱਥਾਂ ਵਿੱਚ ਜਾਣ ਕਾਰਨ ਇਨ੍ਹਾਂ ਦਾ ਉਦੇਸ਼ ਮਿਆਰੀ ਤਕਨੀਕੀ ਸਿੱਖਿਆ ਦੇਣਾ ਨਹੀਂ, ਸਗੋਂ ਪੈਸਾ ਕਮਾਉਣਾ ਹੈ।ਐੱਮ.ਬੀ.ਏ., ਬੀ.ਬੀ.ਏ., ਬੀ.ਟੈੱਕ ਵਰਗੇ ਕੋਰਸਾਂ ਦੀਆਂ ਡਿਗਰੀਆਂ ਘਰ ਬੈਠੇ ਹੀ ਕਰਵਾਈਆਂ ਜਾ ਰਹੀਆਂ ਹਨ।ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਗਿਆਨ ਵਿਸ਼ਿਆਂ ਦੀਆਂ ਡਿਗਰੀਆਂ ਘਰ ਬੈਠੇ ਹੀ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ।ਜਿਸ ਵਿਦਿਆਰਥੀ ਨੇ ਆਪਣੇ ਵਿਸ਼ੇ ਦਾ ਲੈਬ ਵਿੱਚ ਪ੍ਰੈਕਟੀਕਲ ਨਹੀਂ ਕੀਤਾ ਹੋਵੇਗਾ, ਉਸ ਕੋਲ ਕੀ ਗਿਆਨ ਹੋਵੇਗਾ ? ਆਪ ਉਹ ਸਮਾਜ ਨੂੰ ਕੀ ਦੱਸੇਗਾ ? ਇਨ੍ਹਾਂ ਸੰਸਥਾਵਾਂ ਤੋਂ ਡਿਗਰੀਆਂ ਲੈਣ ਵਾਲੇ ਵਿਦਿਆਰਥੀ ਵਿਹਲੇ ਘੁੰਮ ਰਹੇ ਹਨ। ਉਨ੍ਹਾਂ ਕੋਲ ਨਾ ਤਕਨੀਕੀ ਗਿਆਨ ਹੈ ਤੇ ਨਾ ਯੋਗਤਾ। ਪ੍ਰਾਈਵੇਟ ਕੰਪਨੀਆਂ ਨੂੰ ਪੰਜ-ਦਸ ਹਜ਼ਾਰ ਰੁਪਏ ਦੀ ਨੌਕਰੀ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰ ਰਹੀਆਂ ਹਨ।ਗਰੀਬ ਪਰਵਾਰਾਂ ਦੇ ਬੱਚੇ ਤਾਂ ਇਸ ਤਰ੍ਹਾਂ ਦੀਆਂ ਤਕਨੀਕੀ ਤੇ ਮੈਡੀਕਲ ਸੰਸਥਾਵਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦੇ। ਪਹਿਲਾਂ ਦਾਖਲਾ ਲੈਣ ਲਈ ਟਿਊਸ਼ਨ ਤੇ ਫਿਰ ਦਾਖਲੇ ਤੋਂ ਬਾਅਦ ਟਿਊਸ਼ਨ ਲਈ ਲੱਖਾਂ ਰੁਪਏ ਨਹੀਂ ਖਰਚ ਕਰ ਸਕਦੇ।ਉਹ ਤਾਂ ਇਨ੍ਹਾਂ

7-April-Sunday.qxd 4/6/2024 10:23 PM Page 2

ਜਗਜੀਤ ਸਿੰਘ ਆਨੰਦ ਪੰਜਾਬੀ ਵਾਰਤਕ ਦਾ ਰਾਜਾ ਭੋਜ ਸੀ

ਗਿਆਨ ਸੈਦਪੁਰੀ

ਇਸ ਵਾਰ ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ ਵਿੱਚ ਹਿੱਸਾ ਲੈਣ ਦੇ ਸਬੱਬ ਨਾਲ ਪ੍ਰੀਤ ਨਗਰ ਦੀ ਛੇਵੀਂ ਵਾਰ ਜ਼ਿਆਰਤ ਕਰਨ ਲਈ ਜਾ ਰਹੇ ਸਾਂ। ਸਾਥ ਸੀ ਸ਼ਾਇਰ ਜਗੀਰ ਜੋਸਨ ਤੇ ਮੋਹਣ ਮਤਿਆਲਵੀ, ਤਰਕਸ਼ੀਲ ਮਿੱਤਰ ਅਮਨ ਬਾਗਪੁਰ, ਦੇਸ ਰਾਜ ਜਾਫਰਵਾਲ ਤੇ ਕੁਲਦੀਪ ਸਿੰਘ ਮਹਿਤਪੁਰ ਦਾ। ਰਸਤੇ ਵਿੱਚ ਹਰ ਗੱਲ ਵਿੱਚ ਪ੍ਰੀਤਲੜੀ ਤੇ ਪ੍ਰੀਤ ਨਗਰ ਦਾਖਲ ਹੋ ਜਾਂਦੇ ਸਨ। ਇਹ ਪ੍ਰੀਤ ਨਗਰ ਉਸ ਸਰਦਾਰ ਗੁਰਬਖਸ਼ ਸਿੰਘ ਨੇ ਵਸਾਇਆ ਸੀ, ਜਿਸ ਨੂੰ ਲੋਕ ਪ੍ਰੀਤਾਂ ਦਾ ਪਹਿਰੇਦਾਰ, ਪ੍ਰੀਤ ਪੈਗੰਬਰ ਤੇ ਸੁਪਨਸਾਜ਼ ਆਖ ਕੇ ਸਤਿਕਾਰ ਦਿੰਦੇ ਰਹੇ ਹਨ। ਇੱਥੇ ਗੁਰਬਖਸ਼ ਸਿੰਘ ਦੀ ਸ਼ਖਸੀਅਤ ਅਤੇ ਸਮਾਜ ਉਸਾਰੀਆਂ ਦੀਆਂ ਨਵੀਂਆਂ ਰੂਪ ਵਿਧੀਆਂ ਦੀ ਖਿੱਚ ਕਾਰਨ ਬਹੁਤ ਸਾਰੇ ਲੇਖਕਾਂ ਨੂੰ ਇਹ ਨਵਾਂ ਸਵਰਗ ਜਾਪਣ ਲੱਗਾ। ਵੇਲੇ ਦੇ ਮਸ਼ਹੂਰ ਸ਼ਾਇਰ, ਲੇਖਕਾਂ ਨੇ ਇਸ 'ਸਵਰਗ' ਵਿੱਚ ਵਾਸ ਕਰ ਲਿਆ। ਇਨ੍ਹਾਂ ਵਿੱਚ ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਸਾਹਿਰ ਲੁਧਿਆਣਵੀ, ਦਵਿੰਦਰ ਸਤਿਆਰਥੀ, ਉਪੇਂਦਰ ਨਾਥ ਅਸ਼ਕ, ਪਿਆਰਾ ਸਿੰਘ ਸਹਿਰਾਈ ਆਦਿ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਮਹਿੰਦਰ ਸਿੰਘ ਰੰਧਾਵਾ ਕਲਾ ਪ੍ਰੇਮੀ, ਸੋਭਾ ਸਿੰਘ ਚਿੱਤਰਕਾਰ, ਬਲਰਾਜ ਸਾਹਨੀ ਅਭਿਨੇਤਾ ਅਤੇ 'ਪੰਜਾਬ ਦੀ ਕੋਇਲ' ਕਹਿ ਕੇ ਸੰਗੀਤ ਖੇਤਰ ਵਿੱਚ ਵਡਿਆਈ ਗਈ ਸੁਰਿੰਦਰ ਕੌਰ ਨੇ ਵੀ ਮਨ ਚਾਹਿਆ ਸਥਾਨ ਲੱਭ ਲਿਆ।

ਜਗੀਰ ਜੋਸਨ ਨੇ ਪ੍ਰੀਤਲੜੀ ਤੇ ਪ੍ਰੀਤ ਨਗਰ ਨਾਲ ਆਪਣੇ ਨਾਤੇ ਦੀ ਗੱਲ ਛੇੜ ਲਈ। ਗੱਲ ਉਨ੍ਹਾ ਦੀ ਜ਼ੁਬਾਨੀ: 'ਪ੍ਰੀਤਲੜੀ, ਪ੍ਰੀਤ ਨਗਰ ਨੂੰ ਮੈਂ ਆਪਣੇ ਬਚਪਨ ਤੋਂ ਓਦੋਂ ਜਾਨਣ ਲੱਗ ਪਿਆ ਸਾਂ, ਜਦੋਂ ਮੈਨੂੰ ਤੀਜੀ ਜਮਾਤ ਵਿੱਚ ਪੜ੍ਹਦੇ ਨੂੰ ਪੰਜਾਬੀ ਪੜ੍ਹਨੀ, ਲਿਖਣੀ ਆ ਗਈ ਸੀ। ਮੇਰੇ ਪਿਤਾ ਜੀ ਸਕੂਲ ਮਾਸਟਰ ਸਨ ਤੇ ਨਾਲ ਦੀ ਨਾਲ ਕੁਝ ਪਿੰਡਾਂ ਦੀ ਡਾਕ ਦਾ ਕੰਮ ਵੀ ਕਰਦੇ ਸਨ। ਡਾਕੀਏ ਦੇ ਝੋਲੇ ਵਿੱਚੋਂ ਚਿੱਠੀਆਂ ਦੇ ਨਾਲ ਮਹੀਨੇ ਪਿੱਛੋਂ ਇੱਕ 'ਪ੍ਰੀਤਲੜੀ' ਰਸਾਲਾ ਤੇ ਇੱਕ 'ਸੈਨਿਕ ਸਮਾਚਾਰ' ਵੀ ਨਿਕਲਦਾ ਸੀ। ਪਿਤਾ ਜੀ ਦੇ ਕਹਿਣ 'ਤੇ ਮੈਂ ਚਿੱਠੀਆਂ ਤਾਂ ਘਰੋ-ਘਰੀ ਵੰਡ ਆਉਂਦਾ, ਪਰ ਪ੍ਰੀਤਲੜੀ ਅਤੇ ਸੈਨਿਕ ਸਮਾਚਰ ਪੂਰੇ ਪੜ੍ਹ ਕੇ ਫਿਰ ਦੇ ਕੇ ਆਉਂਦਾ। ਪ੍ਰੀਤਲੜੀ ਮੇਰੇ ਹੱਥ ਵਿੱਚ ਹੁੰਦਾ ਤੇ ਪ੍ਰੀਤ ਨਗਰ ਸੁਪਨਿਆਂ ਵਿੱਚ। ਘੁੱਗ ਵਸਦੇ ਪ੍ਰੀਤ ਨਗਰ ਨੂੰ ਵੇਖਣ ਦਾ ਮੇਰਾ ਸੁਪਨਾ ਸੁਪਨਾ ਹੀ ਰਿਹਾ।' 'ਪਿਆਰ ਕਬਜ਼ਾ ਨਹੀ ਪਹਿਚਾਣ ਹੈ' ਦਾ ਫਲਸਫਾ ਮੇਰੇ ਦਿਮਾਗ ਵਿੱਚ ਘਰ ਕਰ ਗਿਆ। ਇਸ ਫਲਸਫੇ ਕਾਰਨ ਮੈਂ ਜ਼ਿੰਦਗੀ 'ਚ ਗਵਾਇਆ ਵੀ ਬਹੁਤ ਕੁਝ ਤੇ ਪਾਇਆ ਵੀ ਬਹੁਤ। ਪ੍ਰੀਤ ਨਗਰ ਦੀਆਂ ਪ੍ਰੀਤ ਮਿਲਣੀਆਂ ਵਿੱਚ ਸ਼ਾਮਲ ਕਦੇ ਨਾ ਹੋ ਸਕਿਆ। ਸੁਕੀਰਤ ਹੁਰਾਂ ਦੇ ਉੱਦਮ ਨਾਲ ਉਲੀਕੇ ਸਮਾਗਮ ਵਿੱਚ ਮਿੱਤਰਾਂ ਨਾਲ ਪਿਛਲੇ ਕੁਝ ਸਾਲਾਂ ਤੋਂ ਸ਼ਮੂਲੀਅਤ ਕਰਕੇ ਖੁਸ਼ੀ ਹੁੰਦੀ ਹੈ। ਜੋਸਨ ਨੇ ਉਨ੍ਹਾਂ ਪਲਾਂ ਨੂੰ ਵੀ ਮੋਹ ਨਾਲ ਚੇਤੇ ਕੀਤਾ, ਜਦੋਂ ਬਹੁਤ ਵਰ੍ਹੇ ਪਹਿਲਾਂ ਕਾਮਰੇਡ ਜਗਜੀਤ ਸਿੰਘ ਆਨੰਦ ਫੁਲਵਾੜੀ ਸਕੂਲ ਲੋਹੀਆਂ ਆਏ ਸਨ। ਆਏ ਤਾਂ ਉਹ ਗੁਜਰਾਤ ਦੇ ਭੂਚਾਲ ਪੀੜਤਾਂ ਲਈ 'ਨਵਾਂ ਜ਼ਮਾਨਾ' ਵੱਲੋਂ ਸਹਾਇਤਾ ਫੰਡ ਵਿੱਚ ਹਿੱਸਾ ਪਵਾਉਣ ਦੇ ਸਬੱਬ ਨਾਲ, ਪਰ ਅਦਬੀ ਦੋਸਤਾਂ ਦੀ ਜੁੜੀ ਮਹਿਫਲ ਵਿੱਚ ਆਨੰਦ ਹੁਰਾਂ ਵੱਲੋਂ ਸਾਹਿਤ, ਸਿਆਸਤ ਤੇ ਪੱਤਰਕਾਰਤਾ ਬਾਰੇ ਕੀਤੀਆਂ ਗੱਲਾਂ ਅੱਜ ਤੱਕ ਵੀ ਯਾਦ ਹਨ।

ਸਵੇਰੇ ਕੁਝ ਪਛੜ ਕੇ ਤੁਰਨ ਕਾਰਨ 'ਲੇਟ ਨਾ ਹੋ ਜਾਈਏ' ਦੇ ਤੌਖਲੇ ਦੇ ਮੱਦੇਨਜ਼ਰ ਅਮਨ ਨੂੰ ਗੱਡੀ 'ਖਿੱਚ ਕੇ' ਲਾਉਣ ਲਈ ਕਿਹਾ ਹੋਇਆ ਸੀ। ਅਸੀਂ ਸਵਾ ਗਿਆਰਾਂ ਵਜੇ ਪ੍ਰੀਤ ਭਵਨ ਦੇ ਮੂਹਰੇ ਜਾ ਰੁਕੇ। ਚਾਹ-ਪਕੌੜਿਆਂ ਦਾ ਦੌਰ ਚੱਲ ਰਿਹਾ ਸੀ। ਸਾਨੂੰ ਲੱਗਿਆ ਕਿ ਸਮਾਗਮ ਸ਼ੁਰੂ ਹੋਣ ਨੂੰ 12 ਵੱਜਣਗੇ। ਸੋ ਅਸੀਂ ਵੱਡੇ ਸੁਪਨਸਾਜ਼ ਦਾਰ ਜੀ ਦੇ ਘਰ ਵੱਲ ਨੂੰ ਚਾਲੇ ਪਾ ਦਿੱਤੇ। ਉੱਥੇ ਹੁਣ ਹਿਰਦੇਪਾਲ ਸਿੰਘ ਤੇ ਪ੍ਰਵੀਨ ਪਾਲ ਰਹਿੰਦੇ ਹਨ। ਉਨ੍ਹਾਂ ਦੇ ਘਰ ਅੰਦਰ ਦਾਖਲ ਹੋਣ ਲਈ ਦਰਵਾਜ਼ਾ ਤਾਂ ਖੜਕਾਉਣਾ ਨਹੀਂ ਪੈਂਦਾ। ਅਸੀਂ ਦਰਵਾਜ਼ਾ ਦਰਸਾਉਂਦੇ ਦੋ ਥਮਲੇ, (ਜਿਨ੍ਹਾਂ ਵਿੱਚੋਂ ਇੱਕ 'ਤੇ 'ਮਾਲਣੀ' ਲਿਖਿਆ ਹੋਇਆ ਹੈ ਤੇ ਦੂਸਰੇ 'ਤੇ 'ਗੁਰਬਖਸ਼ ਸਿੰਘ' ਵਿੱਚੋਂ ਲੰਘ ਕੇ ਮਲਕੜੇ ਜਿਹੇ ਘਰ ਅੰਦਰ ਦਾਖਲ ਹੋ ਗਏ। ਘਰੇਲੂ ਕੰਮ-ਕਾਰ ਦੇਖਣ ਵਾਲੀਆਂ ਬੀਬੀਆਂ ਨੇ ਬੜੇ ਸਲੀਕੇ ਨਾਲ ਦੱਸਿਆ ਕਿ ਪ੍ਰਵੀਨ ਜੀ ਸਿਹਤ ਸਾਜ਼ਗਾਰ ਨਾ ਹੋਣ ਕਰਕੇ ਆਪਣੇ ਕਮਰੇ ਵਿੱਚ ਲੇਟੇ ਹੋਏ ਹਨ, ਅਸੀਂ ਤੁਹਾਨੂੰ ਥੋੜ੍ਹੀ ਦੇਰ ਰੁਕ ਕੇ ਮਿਲਵਾ ਦਿੰਦੀਆਂ ਹਾਂ। ਅਸੀਂ ਪ੍ਰਵੀਨ ਪਾਲ ਹੁਰਾਂ ਦੀ ਸਿਹਤ ਦਾ ਸੋਚਦਿਆਂ ਹੋਇਆਂ ਉਨ੍ਹਾਂ ਦੇ ਆਰਾਮ ਕਰਨ ਦੇ ਪਲਾਂ ਵਿੱਚ ਡਿਸਟਰਬ ਕਰਨਾ ਠੀਕ ਨਾ ਸਮਝਿਆ। ਸੋ ਅਸੀਂ ਉਨ੍ਹਾ ਦੇ ਡਰਾਇੰਗ ਰੂਮ ਵਿੱਚ ਦਾਰ ਜੀ ਅਤੇ ਜੀਤਾਂ ਦੀਆਂ ਤਸਵੀਰਾਂ ਨੂੰ ਨਿਹਾਰਦੇ ਤੇ ਸਲੀਕੇ ਨਾਲ ਟਿਕਾਈ ਹਰ ਸ਼ੈਅ ਨਾਲ ਪੋਟੇ ਛੁਹਾਉਂਦੇ ਰਹੇ। ਸਾਨੂੰ ਯਾਦ ਆਏ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਕਹਾਣੀਕਾਰ ਪੁੱਤਰ ਨਵਤੇਜ ਸਿੰਘ। ਇੱਥੇ ਹੀ ਸ਼ਾਇਦ ਜਗਜੀਤ ਸਿੰਘ ਆਨੰਦ ਅਤੇ ਨਵਤੇਜ ਸਿੰਘ ਨੇ ਮਿਲ ਕੇ ਵਾਂਦਾ ਵਾਸੀਲਿਊਸਕਾ ਦੇ ਨਾਵਲ 'ਰੇਨਬੋ' ਦਾ ਅਨੁਵਾਦ ਕੀਤਾ ਸੀ। ਉਸ ਨਾਵਲ ਦੇ ਪੰਜਾਬੀ ਸੰਸਕਰਨ ਨੂੰ 'ਸਤਰੰਗੀ ਪੀਂਘ' ਵਜੋਂ ਜਾਣਿਆ ਜਾਂਦਾ ਹੈ। ਅਨੁਵਾਦਤ ਸਾਹਿਤ ਵਿੱਚ ਇਸ ਨੂੰ ਇੱਕ ਮੀਲ ਪੱਥਰ ਮੰਨਿਆ ਜਾਂਦਾ ਹੈ।

ਘਰ ਦੇਖਣ ਤੋਂ ਬਾਅਦ ਅਸੀਂ ਪ੍ਰੀਤਾਂ ਦੇ ਪਹਿਰੇਦਾਰ ਵੱਲੋਂ ਵਸਾਏ ਤੇ ਮੁੜ ਗੁਲਜ਼ਾਰ ਹੋ ਰਹੇ ਪ੍ਰੀਤ ਨਗਰ ਵਿੱਚ ਉਸਾਰੇ ਗਏ ਪ੍ਰੀਤ ਭਵਨ ਅੰਦਰ ਦਾਖਲ ਹੋ ਗਏ। ਉੱਥੇ ਦਾ ਮਹੌਲ ਅੱਲ੍ਹੜ ਉਮਰ ਦੇ ਕਹਾਣੀਕਾਰ ਵਿਪਨ ਤੋਂ ਲੈ ਕੇ ਸਮੱਰਥ ਕਥਾਕਾਰ ਵਰਿਆਮ ਸਿੰਘ ਸੰਧੂ ਅਤੇ ਹੋਰ ਵੱਖ-ਵੱਖ ਵਿਧਾਵਾਂ ਵਿੱਚ ਲਿਖਣ ਵਾਲੇ ਅਦੀਬਾਂ ਦੀ ਭਰਵੀਂ ਹਾਜ਼ਰੀ ਨਾਲ ਪੂਰੀ ਤਰ੍ਹਾਂ ਚਹਿਲ-ਪਹਿਲ ਵਾਲਾ ਤੇ ਸਾਹਿਤਕ ਨਜ਼ਰ ਆਇਆ। ਇਸ ਸਾਹਿਤਕ ਸਮਾਗਮ ਦਾ ਆਗਾਜ਼ ਹੋਇਆ ਨਿਰਲੇਪ ਸਿੰਘ ਦੀ ਕਿਤਾਬ 'ਤੁਰਦੀਆਂ ਅੱਖਾਂ ਵੇਖਦੇ ਪੈਰ' ਦੇ ਰਿਲੀਜ਼ ਹੋਣ ਦੀ ਰਸਮ ਨਾਲ।

ਪਹਿਲੇ ਪੰਜ ਸਾਲਾਂ ਵਾਲੇ ਸਮਾਗਮਾਂ ਵਾਂਗ 6ਵੇਂ ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ ਦੀ ਸਟੇਜ ਸੰਭਾਲੀ 'ਪ੍ਰਵਚਨ' ਦੇ ਸੰਪਾਦਕ ਕੁਲਵੰਤ ਸਿੰਘ ਸੰਧੂ ਹੁਰਾਂ। ਉਨ੍ਹਾ ਪੰਜਾਬੀ ਜ਼ੁਬਾਨ ਦੇ ਅਨੋਖੇ ਤੇ ਇੱਕਲੇ, ਸ਼ਬਦਾਂ ਦੇ ਜਾਦੂਗਰ, ਦਿਸਦੇ ਸੰਸਾਰ ਨਾਲ ਪੰਜਾਬੀ ਬੰਦੇ ਨੂੰ ਜੋੜਨ ਵਾਲੇ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਵੱਲੋਂ ਵਸਾਏ ਨਗਰ ਵਿੱਚ ਪਹੁੰਚਣ ਲਈ ਸਭ ਦਾ ਸਵਾਗਤ ਕੀਤਾ। ਉਪਰੰਤ ਉਨ੍ਹਾ ਕਾਮਰੇਡ ਜਗਜੀਤ ਸਿੰਘ ਆਨੰਦ ਹੁਰਾਂ ਦੀ ਜਾਣ-ਪਛਾਣ ਵਜੋਂ ਦੱਸਿਆ ਕਿ ਉਹ 17 ਸਾਲ ਦੀ ਉਮਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਸਨ ਤੇ ਸਾਰੀ ਉਮਰ ਉਸੇ ਦੇ ਬਣ ਕੇ ਰਹੇ। 'ਨਵਾਂ ਜ਼ਮਾਨਾ' ਦੇ ਸੰਪਾਦਕ ਬਣੇ ਤਾਂ ਆਨੰਦ ਤੇ 'ਨਵਾਂ ਜ਼ਮਾਨਾ' ਦੋਵੇਂ ਇੱਕ ਹੋ ਗਏ. ਯਾਨਿ 'ਨਵਾਂ ਜ਼ਮਾਨਾ' ਤੇ ਆਨੰਦ ਇੱਕ-ਦੂਸਰੇ ਦੀ ਪਛਾਣ ਬਣ ਗਏ। ਵਾਰਤਕ ਦੇ ਲੇਖਕ ਤੌਰ 'ਤੇ ਉਨ੍ਹਾ ਦੀ ਕਰਤਾਰੀ ਪ੍ਰਤਿਭਾ ਦੇ ਦੀਦਾਰ ਵੀ ਆਪਾਂ ਸਭ ਨੇ ਕੀਤੇ ਹੋਏ ਹਨ। ਦੇਸ਼-ਵਿਦੇਸ਼ ਦੇ ਆਗੂਆਂ ਦੇ ਅੰਗਰੇਜ਼ੀ ਭਾਸ਼ਣਾਂ ਨੂੰ ਨਾਲੋ-ਨਾਲ ਪੰਜਾਬੀ ਵਿੱਚ ਉਲਥਾਉਣਾ ਉਨ੍ਹਾ ਦਾ ਇੱਕ ਹੋਰ ਵੱਡਾ ਗੁਣ ਸੀ। ਪੰਜਾਬੀ ਬੰਦੇ ਅੰਦਰ ਜਿਉਣ ਦੀ ਰੀਝ ਪੈਦਾ ਕਰਨ ਵਾਲੇ ਵੀ ਸਨ ਜਗਜੀਤ ਸਿੰਘ ਆਨੰਦ। ਸੰਧੂ ਨੇ ਇਹ ਕਹਿੰਦਿਆਂ ਕਿ ਆਨੰਦ ਸਾਹਿਬ ਇਸ ਤਰ੍ਹਾਂ ਦੇ ਨਹੀਂ ਸੀ ਹੋਣੇ, ਜੇਕਰ ਬੀਬੀ ਉਰਮਿਲਾ ਹੁਰੀਂ ਉਨ੍ਹਾ ਦੀ ਜ਼ਿੰਦਗੀ ਵਿੱਚ ਨਾ ਹੁੰਦੇ। ਉਹਨਾ ਉਰਮਿਲਾ ਆਨੰਦ ਦੀ ਮਿਕਨਾਤੀਸੀ ਸ਼ਖਸੀਅਤ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾ ਕਿਹਾ ਕਿ ਸਿਆਸਤ, ਸਾਹਿਤ ਤੇ ਪੱਤਰਕਾਰਤਾ ਵਿੱਚ ਸਦਾ ਸਰਗਰਮ ਰਹਿਣ ਵਾਲੀ ਸੀ ਆਨੰਦ ਜੋੜੀ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਵਰਿਆਮ ਸਿੰਘ ਸੰਧੂ ਦਾ ਤੁਆਰਫ ਕਰਵਾਉਂਦਿਆਂ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਉਹ ਪੰਜਾਬ ਦੀ ਆਤਮਾ ਦੀ ਆਵਾਜ਼ ਹਨ।

ਸਮਾਗਮ ਦੇ ਮੁੱਖ ਪ੍ਰਬੰਧਕ ਸੁਕੀਰਤ ਨੇ ਪ੍ਰਤੀਨਿਧ ਕਹਾਣੀਆਂ ਦੀ ਚੋਣ ਪ੍ਰਕਿਰਿਆ ਅਤੇ ਪ੍ਰੀਤ ਨਗਰ ਦੇ ਵਸਣ, ਉਜੜਨ ਤੇ ਮੁੜ ਵਸਣ ਦੇ ਰਾਹ ਪੈਣ ਦੀਆਂ ਗੱਲਾਂ ਕੀਤੀਆਂ। ਉਨ੍ਹਾ ਕਿਹਾ ਕਿ ਇਨਾਮ ਲਈ ਕਿਤਾਬ ਦੀ ਚੋਣ ਬਾਰੇ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੇਰਾ ਦਖਲ ਘੱਟ ਹੋਵੇ, ਸਗੋਂ ਇਸ ਨਾਲ ਜੁੜੇ ਦੋਸਤਾਂ ਦੀ ਸਾਂਝੀ ਸਮਝ ਨਤੀਜਾ ਕੱਢੇ। ਉਨ੍ਹਾ ਇਹ ਵੀ ਦੱਸਿਆ ਕਿ ਕਿਤਾਬ ਦੀ ਚੋਣ ਲਈ ਬਣਾਈ ਜਿਊਰੀ ਹਰ ਸਾਲ ਬਦਲ ਦਿੱਤੀ ਜਾਂਦੀ ਹੈ। ਜਿਊਰੀ ਵਿੱਚ ਕੌਣ-ਕੌਣ ਨੇ, ਮੈਂਬਰਾਂ ਲਈ ਇਹ ਵੀ ਇੱਕ ਭੇਦ ਹੀ ਰੱਖਿਆ ਜਾਂਦਾ ਹੈ। ਉਨ੍ਹਾ ਦੱਸਿਆ ਕਿ ਪ੍ਰੀਤ ਨਗਰ ਨੇ 86 ਵਰ੍ਹੇ ਪੂਰੇ ਕਰ ਲਏ ਹਨ। ਉਨ੍ਹਾ ਇਹ ਵੀ ਦੱਸਿਆ ਕਿ 1938 ਤੋਂ 1947 ਤੱਕ ਪ੍ਰੀਤ ਨਗਰ ਪੂਰੇ ਜਲੌਅ ਵਿੱਚ ਸੀ ਤੇ ਉਸ ਦੇ ਇੱਕੋ-ਇੱਕ ਗਵਾਹ ਹਿਰਦੇਪਾਲ ਸਿੰਘ ਅੱਜ ਸਾਡੇ ਵਿੱਚ ਬੈਠੇ ਹਨ। ਸਾਹਿਤਕ ਸੰਸਾਰ ਵਿੱਚ 'ਪ੍ਰੀਤਲੜੀ' ਵੱਲੋਂ ਬਣਾਏ ਵਿਸ਼ੇਸ਼ ਸਥਾਨ ਦੀ ਗੱਲ ਕਰਦਿਆਂ ਸੁਕੀਰਤ ਨੇ ਕਿਹਾ ਕਿ ਇਹ ਵੱਡੀ ਗਿਣਤੀ ਵਿੱਚ ਛਪਦੀ ਸੀ। ਉਨ੍ਹਾ ਕਿਹਾ ਕਿ ਪ੍ਰੀਤ ਨਗਰ ਨੂੰ ਲੇਖਕਾਂ ਦਾ ਮੱਕਾ ਕਿਹਾ ਜਾਂਦਾ ਸੀ। ਨਾਨਕ ਸਿੰਘ ਦੀ ਪੁਸ਼ਤ ਦੇ ਤੁਰ ਜਾਣ ਨਾਲ ਇਸ ਦਾ ਦੂਜੀ ਵਾਰ ਉਜਾੜਾ ਹੋਇਆ ਸੀ। ਹੁਣ ਵਾਲਿਆਂ ਵੀ ਇੱਕ ਦਿਨ ਤੁਰ ਜਾਣਾ ਹੈ। ਨੌਜਵਾਨ ਪੀੜ੍ਹੀ ਦਾ ਪ੍ਰੀਤ ਨਗਰ ਨਾਲ ਜੁੜਨਾ ਸਮੇਂ ਦੀ ਲੋੜ ਹੈ। ਇਹ ਸਮਾਗਮ ਇਸ ਪੀੜ੍ਹੀ ਨੂੰ ਪ੍ਰੀਤ ਨਗਰ ਨਾਲ ਜੋੜਨ ਦਾ ਇੱਕ ਉਪਰਾਲਾ ਵੀ ਹੈ। ਸੁਕੀਰਤ ਨੇ ਇੱਕ ਖੁਸ਼ਖਬਰੀ ਵਾਂਗ ਸੂਚਨਾ ਦਿੱਤੀ ਕਿ ਲਾਹੌਰ ਵਿੱਚ ਪ੍ਰੀਤ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਇਸ ਵਾਰ ਉੱਥੇ ਚੇਤਰ ਵੀ ਮਨਾਇਆ ਗਿਆ ਤੇ ਹੋਲੀ ਵੀ ਖੇਡੀ ਗਈ। ਪੱਤਰਕਾਰੀ ਵਿੱਚ ਜਗਜੀਤ ਸਿੰਘ ਆਨੰਦ ਪੁਰਸਕਾਰ ਬਾਰੇ ਗੱਲ ਕਰਦਿਆਂ ਸੁਕੀਰਤ ਹੁਰਾਂ ਦੱਸਿਆ ਕਿ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਉਸ ਪੱਤਰਕਾਰ ਨੂੰ ਸਨਮਾਨ ਦਿੱਤਾ ਜਾਵੇ, ਜੋ ਆਪਣੇ ਖੇਤਰ ਵਿੱਚ ਨਿੱਠ ਕੇ ਕੰਮ ਕਰਦਾ ਹੋਵੇ। ਇਸ ਚੋਣ ਸਮੇਂ ਇਹ ਵੀ ਦੇਖਿਆ ਜਾਂਦਾ ਹੈ ਕਿ ਪੁਰਸਕਾਰਤ ਕੀਤਾ ਜਾਣਾ ਵਾਲਾ ਸੰਪਾਦਕ ਜਾਂ ਕਾਲਮਨਵੀਸ ਨਹੀਂ, ਸਗੋਂ ਖਬਰਾਂ ਖੋਜਣ ਵਾਲਾ ਹੋਵੇ, ਸਮਾਜੀ ਮਸਲਿਆਂ ਦੇ ਸੰਬੰਧ ਵਿੱਚ ਤਿੱਖੀ ਸੂਝ ਰੱਖਦਾ ਹੋਵੇ।

ਇਸੇ ਦੌਰਾਨ ਕੁਲਵੰਤ ਸਿੰਘ ਸੰਧੂ ਨੇ ਜਾਣਕਾਰੀ ਦਿੱਤੀ ਕਿ ਪੱਤਰਕਾਰਤਾ ਦੇ ਖੇਤਰ ਵਿੱਚ ਜਗਜੀਤ ਸਿੰਘ ਆਨੰਦ ਪੁਰਸਕਾਰ 2019 ਵਿੱਚ ਸ਼ਿਵੇਂਦਰ ਸਿੰਘ ਨੂੰ, 2020 ਵਿੱਚ ਪ੍ਰਭਜੀਤ ਸਿੰਘ ਨੂੰ, 2021 ਵਿੱਚ ਡਾ. ਸਵਰਾਜਬੀਰ ਸਿੰਘ ਨੂੰ ਦਿੱਤਾ ਗਿਆ। ਇਸੇ ਤਰ੍ਹਾਂ 2022 ਵਿੱਚ ਜਤਿੰਦਰ ਕੌਰ ਤੁਰ, 2023 ਵਿੱਚ ਚਰਨਜੀਤ ਭੁੱਲਰ ਅਤੇ ਇਸ ਵਾਰ ਇਨਾਮ ਨਵਜੋਤ ਢਿੱਲੋਂ ਨੂੰ ਦਿੱਤਾ ਜਾ ਰਿਹਾ ਹੈ। ਨਾਲ ਹੀ ਸੰਧੂ ਹੁਰਾਂ ਨਵਜੋਤ ਢਿੱਲੋਂ ਬਾਰੇ ਜਾਣਕਾਰੀ ਦੇਣ ਲਈ ਡਾ. ਰਘਬੀਰ ਸਿੰਘ ਸਿਰਜਣਾ ਨੂੰ ਮੰਚ 'ਤੇ ਆਉਣ ਲਈ ਸੱਦਾ ਦਿੱਤਾ।

ਰਘਬੀਰ ਸਿੰਘ ਸਿਰਜਣਾ ਨੇ ਇਸ ਵਾਰ ਇਨਾਮ ਪ੍ਰਾਪਤ ਕਰਨ ਵਾਲੀ ਪੱਤਰਕਾਰ ਨਵਜੋਤ ਢਿੱਲੋਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਦੱਬੇ-ਕੁਚਲਿਆਂ ਤੇ ਬੇਪਛਾਣਾਂ ਦੀ ਆਵਾਜ਼ ਬਣਦੀ ਹੈ। ਕੈਨੇਡਾ ਦੇ ਇੱਕ ਕਹਿੰਦੇ-ਕਹਾਉਂਦੇ ਮੀਡੀਆ ਅਦਾਰੇ ਵੱਲੋਂ ਨਵਜੋਤ ਢਿੱਲੋਂ ਨੂੰ ਪਾਸੇ ਕਰ ਦੇਣ ਦੇ ਹਵਾਲੇ ਨਾਲ ਸਿਰਜਣਾ ਨੇ ਕਿਹਾ ਕਿ ਨਵਜੋਤ ਢਿੱਲੋਂ ਕਦੇ ਵੀ ਅਸੂਲਾਂ ਨਾਲ ਸਮਝਾਉਤਾ ਨਹੀਂ ਕਰਦੀ। ਉਨ੍ਹਾ ਆਪਣੇ ਵਿਦਿਆਰਥੀ ਰਹੇ ਵੱਖ-ਵੱਖ ਵਿਅਕਤੀਆਂ ਅਤੇ ਆਪਣੀ ਬੇਟੀ ਦੇ ਹਵਾਲੇ ਨਾਲ ਨਵਜੋਤ ਢਿੱਲੋਂ ਲਈ ਜਜ਼ਬਾਤੀ ਮੋਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਹੋਰ ਵੀ ਮੈਨੂੰ ਸੁਖਦ ਅਹਿਸਾਸ ਕਰਵਾਉਂਦਾ, ਜੇਕਰ ਉਹ ਮੇਰੀ ਵਿਦਿਆਰਥਣ ਤੇ ਧੀ ਵੀ ਹੁੰਦੀ। ਸਿਰਜਣਾ ਨੇ ਕਿਹਾ ਕਿ ਸਮਾਗਮ ਦੇ ਸਬੱਬ ਪ੍ਰੀਤ ਨਗਰ ਦੀ ਜ਼ਿਆਰਤ ਹੋ ਗਈ ਹੈ। ਉਨ੍ਹਾ ਕਾਮਨਾ ਕੀਤੀ ਕਿ ਇੱਕ ਵਾਰ ਫੇਰ 1938- 47 ਵਾਲਾ ਜਲੌਅ ਪ੍ਰੀਤ ਨਗਰ ਵਿੱਚ ਵੇਖਣ ਨੂੰ ਮਿਲੇ। ਉਨ੍ਹਾ ਸੁਕੀਰਤ ਵੱਲੋਂ ਆਪਣੇ ਮਾਪਿਆਂ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਉਪਰਾਲੇ ਨੂੰ 'ਬਾਬਾਣੀਆ ਕਹਾਣੀਆਂ ਪੁੱਤ ਸਪੁਤ ਕਰੇਨਿ..' ਕਹਿ ਕੇ ਸਰਾਹਿਆ। ਇਸੇ ਦੌਰਾਨ ਰਘਬੀਰ ਸਿੰਘ ਸਿਰਜਣਾ, ਵਰਿਆਮ ਸਿੰਘ ਸੰਧੂ, ਸੁਕੀਰਤ ਅਤੇ ਹਿਰਦੇਪਾਲ ਸਿੰਘ ਨੇ ਨਵਜੋਤ ਢਿੱਲੋਂ ਨੂੰ ਇਨਾਮ ਸੌਂਪਿਆ।

ਨਵਜੋਤ ਢਿੱਲੋਂ ਨੇ